# ਫ਼੍ਰਾਂਸਿਸ ਹੌਵੈਲ ਸਕੂਲ ਡਿਸਟ੍ਰਿਕਟ

# ਵਿਦਿਆਰਥੀ ਦਾ ਵਿਹਾਰ ਦਾ ਜ਼ਾਬਤਾ

Francis Howell School District

HOME · SCHOOL · COMMUNITY

LEARNING TOGETHER



# ਵਿਸ਼ਾ-ਵਸਤੂ

ਭੂਮਿਕਾ...........................................................................................................................3

ਕਲਾਸਰੂਮ ਦੇ ਅਨੁਸ਼ਾਸਨ ਬਾਰੇ ਸੇਧਾਂ...................................................................................4

ਵਿਹਾਰ ਸਬੰਧੀ ਉਲੰਘਣਾਵਾਂ ਅਤੇ ਪੱਧਰ ਦੀ ਭੂਮਿਕਾ ..........................................................5

ਵਿਹਾਰ ਸਬੰਧੀ ਉਲੰਘਣਾਵਾਂ......................................................................................6-10

ਵਿਹਾਰ ਦੇ ਪੱਧਰ..............................................................................................................11

ਵਿਦਿਆਰਥੀ ਬਾਰੇ ਸ਼ਰਾਬ/ਨਸ਼ੀਲੀਆਂ ਦਵਾਈਆਂ ਸਬੰਧੀ ਕੋਡ ........................................12-13

ਹਥਿਆਰ-ਮੁਕਤ ਸਕੂਲਾਂ ਬਾਰੇ ਕੋਡ ........................................................................... 14

ਅਨੁਸ਼ਾਸਨ ਦੀਆਂ ਪਰਿਭਾਸ਼ਾਵਾਂ ..........................................................................15-17

ਬੱਸ ਸਬੰਧੀ ਅਨੁਸ਼ਾਸਨ ਬਾਰੇ ਸੇਧਾਂ ...............................................................................18

ਸਰੀਰਕ ਸਜ਼ਾ: ਮਨਾਹੀ.......................................................................................................19

ਨੈਟਵਰਕ ਅਤੇ ਇੰਟਰਨੈਟ ਦੀ ਢੁਕਵੀਂ ਵਰਤੋਂ ਬਾਰੇ ਸੇਧਾਂ .....................................................20

ਪਰਿਭਾਸ਼ਕ ਸ਼ਬਦਾਵਲੀ ......................................................................................... 21-22

# ਭੂਮਿਕਾ




**ਪੜ੍ਹਾਈ-ਲਿਖਾਈ ਲਈ ਸਕੂਲ ਦਾ ਮਾਹੌਲ ਉਸਾਰੂ ਅਤੇ ਸਤਿਕਾਰ ਵਾਲਾ ਹੋਣਾ ਬਹੁਤ ਜ਼ਰੂਰੀ ਹੈ।**

ਹਰ ਕੋਈ ਚਾਹੁੰਦਾ ਹੈ ਕਿ ਉਸਦਾ ਸਕੂਲ ਨਿੱਘਪੁਣੇ ਵਾਲਾ, ਦੋਸਤਾਨਾ ਅਤੇ ਸਤਿਕਾਰ ਕਰਨ ਵਾਲਾ ਹੋਵੇ। ਵਿਦਿਆਰਥੀ, ਮਾਤਾ-ਪਿਤਾ/ਸਰਪ੍ਰਸਤ, ਸਟਾਫ਼ ਅਤੇ ਭਾਈਚਾਰਾ ਮਿਲਕੇ ਕੰਮ ਕਰਦਿਆਂ, ਆਪਣੇ ਸਕੂਲ ਨੂੰ ਪੜ੍ਹਾਈ ਲਈ ਇੱਕ ਵਧੀਆ ਥਾਂ ਬਣਾ ਸਕਦੇ ਹਨ। ਪ੍ਰਿੰਸੀਪਲ ਪੜ੍ਹਾਈ-ਲਿਖਾਈ ਦਾ ਉਸਾਰੂ ਮਾਹੌਲ ਬਣਾਈ ਰੱਖਣ ਲਈ ਜ਼ਿੰਮੇਵਾਰ ਹੈ। ਵਿਦਿਆਰਥੀ ਹੇਠਾਂ ਦਿੱਤੇ ਕੰਮ ਯਾਦ ਰੱਖਦਿਆਂ ਮਦਦ ਕਰ ਸਕਦੇ ਹਨ:

- ਸੁਰੱਖਿਅਤ, ਜ਼ਿੰਮੇਵਾਰ ਬਣਨਾ ਅਤੇ ਸ਼ਾਂਤ ਰਹਿਣਾ
- ਸਾਰੇ ਸਾਥੀਆਂ ਅਤੇ ਵੱਡਿਆਂ ਦਾ ਸਤਿਕਾਰ ਕਰਨਾ
- ਸਕੂਲ ਦੇ ਸਾਰੇ ਸਮਾਨ ਦਾ ਧਿਆਨ ਰੱਖਣਾ
- ਸਕੂਲ ਅਤੇ ਕਲਾਸਾਂ ਵਿਚ ਸਮੇਂ-ਸਿਰ ਪਹੁੰਚਣਾ
- ਕਲਾਸਾਂ ਲਈ ਤਿਆਰ ਰਹਿਣਾ, ਇਸ ਵਿਚ ਅਸਾਈਨਮੈਂਟਾਂ ਅਤੇ ਸਪਲਾਈਆਂ ਸ਼ਾਮਿਲ ਹੁੰਦੀਆਂ ਹਨ
- ਆਪਣੀ ਪੜ੍ਹਾਈ-ਲਿਖਾਈ ਵਿਚ ਸ਼ਾਮਿਲ ਹੋਣਾ
- ਨਿਮਰ ਰਹਿਣਾ ਅਤੇ ਢੁਕਵੀਂ ਭਾਸ਼ਾ ਬੋਲਣੀ
- ਸਹੀ ਢੰਗ ਨਾਲ ਕਪੜੇ ਪਾਉਣੇ
- ਸਕੂਲ ਦੇ ਨੇਮਾਂ ਦੀ ਪਾਲਣਾ ਕਰਨੀ ਅਤੇ ਆਪਣੇ ਅਧਿਆਪਕਾਂ ਦਾ ਕਹਿਣਾ ਮੰਨਣਾ
- ਹੋਰਨਾਂ ਦੇ ਮਤਭੇਦਾਂ ਦਾ ਖ਼ਿਆਲ ਰੱਖਣਾ ਅਤੇ ਮੰਨਣਾ
- ਦਰਸਾਉਣਾ ਕਿ ਉਹ ਕਿਵੇਂ ਮਹਿਸੂਸ ਕਰ ਰਹੇ ਹਨ ਜਾਂ ਉਹਨਾਂ ਨੂੰ ਸਹਾਇਕ ਅਤੇ ਢੁਕਵੇਂ ਤਰੀਕਿਆਂ ਨਾਲ ਕੀ ਚਾਹੀਦਾ ਹੈ
- ਅਸਹਿਮਤੀਆਂ ਨੂੰ ਮੰਨਣਯੋਗ ਤਰੀਕਿਆਂ ਨਾਲ ਹੱਲ ਕਰਨਾ

**ਪੂਰੇ ਸਕੂਲ ਵਿਚ ਉਸਾਰੂ ਮਾਹੌਲ ਸਿਰਜਣ ਵਿਚ ਮਦਦ ਕਰਨੀ (SWPBIS)**

ਨੌ (9) FHSD ਸਕੂਲਾਂ ਨੇ ਲੋੜੀਂਦੇ ਵਿਹਾਰ ਸਿਖਾਉਣ ਅਤੇ ਉਹਨਾਂ ਵਿਦਿਆਰਥੀਆਂ ਦੀ ਮਦਦ ਕਰਨੀ, ਜਿਹਨਾਂ ਨੂੰ ਹੋਰ ਜ਼ਿਆਦਾ ਮਜ਼ਬੂਤ ਬਣਾਏ ਜਾਣ ਦੀ ਲੋੜ ਹੈ, ਦੇ ਨਜ਼ਰੀਏ ਨਾਲ ਪੂਰੇ ਸਕੂਲ ਵਿਚ PBIS ਅਪਣਾਇਆ ਹੈ। ਸਾਰੇ ਸਕੂਲਾਂ ਨੂੰ ਸਟੇਟ ਪੱਧਰ 'ਤੇ ਮਾਣਤਾ ਮਿਲੀ ਹੈ

**ਚਰਿੱਤਰ ਸਬੰਧੀ ਪੜ੍ਹਾਈ**

FHSD ਦੇ ਕਈ ਸਕੂਲਾਂ ਵਿਚ ਚੰਗੀ ਤਰ੍ਹਾਂ ਸਥਾਪਿਤ ਚਰਿੱਤਰ ਸਬੰਧੀ ਪੜ੍ਹਾਈ ਬਾਰੇ ਪ੍ਰੋਗਰਾਮ ਵੀ ਹਨ, ਜਿਹਨਾਂ ਦਾ ਕੰਮ ਬੌਧਿਕ, ਸਮਾਜਕ ਅਤੇ ਨੈਤਿਕ ਉਸਾਰੀ ਰਾਹੀਂ ਨੌਜੁਆਨਾਂ ਵਿਚ ਉਸਾਰੂ ਚਰਿੱਤਰ ਦੀਆਂ ਵਿਸ਼ੇਸ਼ਤਾਵਾਂ ਦਾ ਵਿਕਾਸ ਕਰਕੇ "ਭਾਈਚਾਰੇ ਦਾ ਖ਼ਿਆਲ ਰੱਖਣ ਵਾਲੇ ਸਿਖਾਂਦਰੂ" ਤਿਆਰ ਕਰਨਾ ਹੈ। ਡਿਸਟ੍ਰਿਕਟ ਦੇ ਤਿੰਨ (3) ਸਕੂਲ ਹਨ, ਜਿਹਨਾਂ ਨੂੰ ਮਿਸੂਰੀ ਸਕੂਲ ਔੱਫ਼ ਕੈਰੇਕਟਰ ਦਾ ਰੁਤਬਾ ਮਿਲਿਆ ਹੈ ਅਤੇ ਦੋ (2) ਸਕੂਲਾਂ ਨੂੰ ਨੈਸ਼ਨਲ ਸਕੂਲ ਔੱਫ਼ ਕੈਰੇਕਟਰ ਦੀ ਮਾਣਤਾ ਮਿਲੀ ਹੈ।

**ਮੇਰੇ ਵਿਚਲਾ ਆਗੂ (Leader in Me)**

FHSD ਦੇ ਕਈ ਸਕੂਲਾਂ ਨੇ ਵਿਦਿਆਰਥੀਆਂ ਵਿਚ ਲੀਡਰਸ਼ਿਪ ਦਾ ਵਿਕਾਸ ਕਰਨ ਦੇ ਤਰੀਕੇ ਵਜੋਂ ਕੋਵੀ'ਜ਼ ਲੀਡਰ ਇਨ ਮੀ (Covey's Leader in Me) ਨੂੰ ਅਪਣਾਇਆ ਹੈ। ਬਹੁਤ ਹੀ ਅਸਰਦਾਰ ਲੋਕਾਂ ਦੀਆਂ 7 ਆਦਤਾਂ ਦੇ ਅਧਾਰ 'ਤੇ ਲੀਡਰ ਇਨ ਮੀ, ਵਿਦਿਆਰਥੀਆਂ ਨੂੰ ਸਵੈ-ਭਰੋਸੇ ਅਤੇ ਮੁਹਾਰਤਾਂ ਨਾਲ ਤਿਆਰ ਕਰਦਾ ਹੈ, ਜਿਸ ਦੀ ਉਹਨਾਂ ਨੂੰ 21ਵੀਂ-ਸਦੀ ਦੀ ਆਰਥਕਤਾ ਵਿਚ ਅੱਗੇ ਵਧਣ ਲਈ ਲੋੜ ਪੈਂਦੀ ਹੈ। ਲੀਡਰ ਇਨ ਮੀ ਸਕੂਲ, ਸਕੂਲ ਵਿਚਲੇ ਸਭਿਆਚਾਰ ਵਿਚ ਕੀਤੇ ਗਏ ਸੁਧਾਰ ਅਤੇ ਅਨੁਸ਼ਾਸਨੀ ਮਾਮਲਿਆਂ ਵਿਚਲੀ ਸਮੁੱਚੀ ਕਮੀ ਬਾਰੇ ਲਗਾਤਾਰ ਰਿਪੋਰਟ ਕਰਦੇ ਹਨ।

ਫ੍ਰਾਂਸਿਸ ਹੋਵੈਲ ਸਕੂਲ ਡਿਸਟ੍ਰਿਕਟ ਦਾ ਵਿਦਿਆਰਥੀ ਦਾ ਵਿਹਾਰ ਸਬੰਧੀ ਜ਼ਾਬਤਾ, ਵਿਦਿਆਰਥੀ ਦੇ ਉਸ ਵਿਹਾਰ ਬਾਰੇ ਦੱਸਦਾ ਹੈ, ਜਿਸ ਨੂੰ ਅਢੁਕਵਾਂ ਜਾਂ ਨੁਕਸਾਨਦੇਹ ਮੰਨਿਆ ਜਾਂਦਾ ਹੈ। ਇਹ ਕਾਰਵਾਈਆਂ ਦੀ ਸ਼੍ਰੇਣੀ ਵੀ ਮੁਹੱਈਆ ਕਰਦਾ ਹੈ, ਜੇ ਵਿਦਿਆਰਥੀ ਬਿਆਨੇ ਗਏ ਵਿਹਾਰ ਵਿਚ ਸ਼ਾਮਿਲ ਹੁੰਦੇ ਹਨ, ਤਾਂ ਉਸ ਨੂੰ ਅਜਿਹੇ ਵਿਹਾਰ ਨੂੰ ਰੋਕਣ ਅਤੇ ਅਨੁਸ਼ਾਸਨੀ ਕਾਰਵਾਈਆਂ ਵਜੋਂ ਵਰਤਿਆ ਜਾ ਸਕਦਾ ਹੈ। ਫ੍ਰਾਂਸਿਸ ਹੋਵੈਲ ਸਕੂਲ ਡਿਸਟ੍ਰਿਕਟ ਸਾਲਸੀ ਦੀਆਂ ਕਾਰਵਾਈਆਂ ਦੀ ਵਰਤੋਂ ਵਿਚ ਵੀ ਮਦਦ ਕਰਦੀ ਹੈ, ਜੋ ਸਕੂਲ ਵਿਚ ਕਾਮਯਾਬੀ ਲਈ ਵਿਦਿਆਰਥੀਆਂ ਨੂੰ ਸੇਧ, ਦਿਸ਼ਾ ਅਤੇ ਸਹਾਇਤਾ ਦਿੰਦੀ ਹੈ।

# ਕਲਾਸਰੂਮ ਦੇ ਅਨੁਸ਼ਾਸਨ ਸਬੰਧੀ ਸੇਧਾਂ



ਕਲਾਸਰੂਮ ਦਾ ਅਸਰਦਾਰ ਢੰਗ ਨਾਲ ਪ੍ਰਬੰਧ ਕਰਨਾ, ਵਿਦਿਆਰਥੀਆਂ ਨਾਲ ਉਸਾਰੂ ਰਿਸ਼ਤਾ ਬਣਾਉਣ ਦਾ ਅਧਾਰ ਹੈ। ਪੜ੍ਹਾਈ-ਲਿਖਾਈ ਲਈ ਕਲਾਸਰੂਮ ਦਾ ਸੁਖਾਵਾਂ ਮਾਹੌਲ ਬਣਾਈ ਰੱਖਣਾ ਅਧਿਆਪਕਾਂ ਦੀ ਜ਼ਿੰਮੇਵਾਰੀ ਹੈ। ਖ਼ਿਆਲ ਰੱਖਣ ਵਾਲਾ ਭਾਈਚਾਰਾ ਉਸਾਰਣ ਦੇ ਤਰੀਕੇ ਵਜੋਂ ਡਿਸਟ੍ਰਿਕਟ ਵਲੋਂ ਭਾਈਚਾਰਕ ਉਸਾਰੀ ਵਾਲੇ ਖੇਤਰਾਂ ਨੂੰ ਪ੍ਰੇਰਿਆ ਜਾਂਦਾ ਹੈ, ਜੋ ਆਪਣੇ ਆਪ ਖ਼ਿਆਲ ਰੱਖਦੇ ਅਤੇ ਨਿਗਰਾਨੀ ਕਰਦੇ ਹਨ। ਪੜ੍ਹਾਈ-ਲਿਖਾਈ ਦੇ ਮਾਹੌਲ ਵਿਚ ਰੁਝੇ ਰਹਿਣ ਨੂੰ ਉਤਸਾਹਿਤ ਕਰਨ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਵਿਚਕਾਰ ਮਜ਼ਬੂਤ, ਉਸਾਰੂ ਰਿਸ਼ਤੇ ਵਾਲੇ ਕਲਾਸਰੂਮ। ਸਾਡਾ ਮੰਨਣਾ ਹੈ ਕਿ ਪੜ੍ਹੇ-ਲਿਖੇ ਭਾਈਚਾਰੇ ਦੇ ਅੰਦਰ ਹੀ ਚੰਗੀ ਪੜ੍ਹਾਈ-ਲਿਖਾਈ ਹੁੰਦੀ ਹੈ, ਜਿੱਥੇ ਵਿਦਿਆਰਥੀ ਇਕ-ਦੂਜੇ ਨਾਲ ਸਹਿਯੋਗ ਕਰਦੇ ਹਨ ਅਤੇ ਸਮਾਜ ਅਤੇ ਵਰਕਰਾਂ ਲਈ ਮੁਹਾਰਤਾਂ ਵਿਕਸਿਤ ਕਰਦੇ ਹਨ। ਇਹਨਾਂ ਵਿਚ ਕਲਾਸਰੂਮ ਵਿਚ ਵਿਘਨ ਜਾਂ ਬਹੁਤ ਸਾਰੇ ਵਿਘਨ ਪਾਉਣੇ, ਕਲਾਸ ਵਿਚ ਬਹੁਤ ਜ਼ਿਆਦਾ ਗੱਲ ਕਰਨੀ, ਸੀਟ ਤੋਂ ਉੱਠਣਾ, ਸਮਾਨ ਸੁੱਟਣਾ, ਹੋਰਨਾਂ ਨੂੰ ਪਰੇਸ਼ਾਨ ਕਰਨਾ, ਇਲੈਕਟ੍ਰੌਨਿਕ ਉਪਕਰਣਾਂ ਦੀ ਅਢੁਕਵੀਂ ਵਰਤੋਂ, ਕਾਗਜ਼ ਫੜਾਉਣੇ ਅਤੇ/ਜਾਂ ਹੋਰ ਹਰਕਤਾਂ ਕਰਨੀਆਂ, ਜੋ ਵਿਦਿਅਕ ਅਮਲ ਵਿਚ ਵਿਘਨ ਪਾਉਂਦੀਆਂ ਹਨ, ਸ਼ਾਮਿਲ ਹੁੰਦੀਆਂ ਹਨ, ਪ੍ਰਵਾਣ ਨਹੀਂ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹੈ। ਵਿਦਿਆਰਥੀ ਦਾ ਵਿਹਾਰ ਸਬੰਧੀ ਜ਼ਾਬਤਾ ਉਹਨਾਂ ਵਿਦਿਆਰਥੀਆਂ 'ਤੇ ਵੀ ਲਾਗੂ ਹੋਏਗਾ, ਜੋ ਡਿਸਟ੍ਰਿਕਟ ਦੀ ਵਰਚੁਅਲ ਸੈਟਿੰਗ ਵਿਚ ਪੜ੍ਹਾਈ-ਲਿਖਾਈ ਕਰ ਰਹੇ ਹਨ। ਜੇ ਵਿਦਿਆਰਥੀ ਨਿਜੀ ਤੌਰ 'ਤੇ ਸਕੂਲ ਜਾ ਰਿਹਾ ਸੀ, ਤਾਂ ਵਿਹਾਰ ਸਬੰਧੀ ਉਲੰਘਣਾਵਾਂ ਉਸੀ ਤਰ੍ਹਾਂ ਦੇ ਜ਼ਾਬਤੇ ਹੇਠ ਹੋਣਗੀਆਂ।

**ਅਨੁਸ਼ਾਸਨੀ ਕਾਰਵਾਈ ਲਈ ਪੜਾਅ**

| | |
|---|---|
| ਸ਼ੁਰੂਆਤੀ ਸਮੱਸਿਆ | ਅਧਿਆਪਕ ਵਿਦਿਆਰਥੀ ਨਾਲ ਗੱਲਬਾਤ ਕਰਦਾ ਹੈ |
| ਸਮੱਸਿਆ ਜਾਰੀ ਰਹਿਣੀ | ਅਧਿਆਪਕ ਵਿਦਿਆਰਥੀ ਨੂੰ ਚਿਤਾਵਨੀ ਦਿੰਦਾ ਹੈ<br>ਅਧਿਆਪਕ ਮਾਤਾ-ਪਿਤਾ/ਸਰਪ੍ਰਸਤ (ਸਰਪ੍ਰਸਤਾਂ) ਨਾਲ ਸੰਪਰਕ ਕਰ ਸਕਦਾ ਹੈ |
| ਚਿਤਾਵਨੀ ਤੋਂ ਬਾਅਦ ਸਮੱਸਿਆ ਹੱਲ ਨਹੀਂ ਹੁੰਦੀ | ਅਧਿਆਪਕ ਡਿਟੈਂਸ਼ਨ ਲਾਉਣ ਦਾ ਵਿਕਲਪ ਚੁਣ ਸਕਦਾ ਹੈ ਜਾਂ ਵਿਦਿਆਰਥੀ ਅਤੇ/ਜਾਂ ਮਾਤਾ-ਪਿਤਾ/ਸਰਪ੍ਰਸਤ (ਸਰਪ੍ਰਸਤਾਂ) ਦੇ ਸਹਿਯੋਗ ਨਾਲ ਸਮੱਸਿਆ ਹੱਲ ਕਰਨ ਵਾਲੀ ਮੀਟਿੰਗ ਕਰ ਸਕਦਾ ਹੈ |
| ਡਿਟੈਂਸ਼ਨ ਜਾਂ ਮੀਟਿੰਗ ਤੋਂ ਬਾਅਦ ਸਮੱਸਿਆ ਵੀ ਹੱਲ ਨਹੀਂ ਹੁੰਦੀ | ਤਾਂ ਅਧਿਆਪਕ ਵਿਦਿਆਰਥੀ ਨੂੰ ਪ੍ਰਿੰਸੀਪਲ ਦੇ ਦਫ਼ਤਰ ਭੇਜ ਸਕਦਾ ਹੈ। |

**ਦੇਰ ਨਾਲ ਪਹੁੰਚਣ ਸਬੰਧੀ ਪਾੱਲਿਸੀ**

ਜਦੋਂ ਵਿਦਿਆਰਥੀ ਘੰਟੀ ਵੱਜਣ ਤੋਂ ਬਾਅਦ ਕਲਾਸ ਵਿਚ ਆਉਂਦੇ ਹਨ, ਤਾਂ ਅਧਿਆਪਕ/ਪ੍ਰਿੰਸੀਪਲ ਡਿਟੈਂਸ਼ਨਾਂ ਲਾਉਣਗੇ। ਦੇਰ ਨਾਲ ਆਉਣ ਦੀ ਮਾਤਰਾ ਦੇ ਹਿਸਾਬ ਨਾਲ ਬਣਨ ਵਾਲੀ ਡਿਟੈਂਸ਼ਨ ਦਾ ਫ਼ੈਸਲਾ ਸਕੂਲ (ਬਿਲਡਿੰਗ) ਪੱਧਰ 'ਤੇ ਕੀਤਾ ਜਾਏਗਾ। ਬਹੁਤ ਵਾਰੀ ਦੇਰ ਨਾਲ ਆਉਣ ਤੋਂ ਬਾਅਦ ਉਹਨਾਂ ਨੂੰ ਜੋੜਿਆ ਜਾਂਦਾ ਹੈ, ਹੋਰ ਅਨੁਸ਼ਾਸਨ ਲਈ ਵਿਦਿਆਰਥੀਆਂ ਨੂੰ ਦਫ਼ਤਰ ਤੋਂ ਰੈਫ਼ਰਲ ਵੀ ਮਿਲ ਸਕਦੇ ਹਨ।

# ਵਿਹਾਰ ਸਬੰਧੀ ਉਲੰਘਣਾਵਾਂ ਅਤੇ ਪੱਧਰ ਦੀ ਭੂਮਿਕਾ



ਫ੍ਰਾਂਸਿਸ ਹੌਵੈਲ ਸਕੂਲ ਡਿਸਟ੍ਰਿਕਟ ਦੀਆਂ ਪਾੱਲਿਸੀਆਂ ਨੂੰ ਸੁਰੱਖਿਆ, ਪ੍ਰਾਪਤੀ ਅਤੇ ਨਿਜੀ ਕਾਮਯਾਬੀ ਲਈ ਇਸਤੇਮਾਲ ਕੀਤੇ ਜਾਂਦੇ ਉਸਾਰੂ ਵਿਦਿਅਕ ਮਾਹੌਲ ਵਿਚ ਯੋਗਦਾਨ ਪਾਉਣ ਲਈ ਤਿਆਰ ਕੀਤਾ ਗਿਆ ਹੈ। ਇਸ ਸਕੂਲ ਸਾਲ ਵਿਚ ਕੋਵਿਡ-19 ਮਹਾਮਾਰੀ ਦੌਰਾਨ ਵਿਦਿਆਰਥੀਆਂ ਅਤੇ ਸਟਾਫ਼ ਨੂੰ ਸੁਰੱਖਿਅਤ ਰੱਖਣਾ ਡਿਸਟ੍ਰਿਕਟ ਦੀਆਂ ਮੁੱਖ ਤਰਜੀਹਾਂ ਵਿਚੋਂ ਇਕ ਹੋਏਗੀ। ਡਿਸਟ੍ਰਿਕਟ ਵਲੋਂ ਦੱਸੇ ਗਏ ਅਨੁਸਾਰ ਵਿਦਿਆਰਥੀਆਂ ਤੋਂ ਸੁਰੱਖਿਆ ਸਬੰਧੀ ਸਾਰੇ ਢੰਗ-ਤਰੀਕਿਆਂ (ਇਕ-ਦੂਜੇ ਤੋਂ ਦੂਰੀ ਬਣਾਉਣੀ, ਮਾਸਕ ਪਾਉਣੇ, ਬੱਸ ਵਿਚ ਸਹੀ ਤਰੀਕੇ ਨਾਲ ਚੜ੍ਹਣ ਆਦਿ) ਦੀ ਪਾਲਣਾ ਕਰਨ ਦੀ ਉਮੀਦ ਕੀਤੀ ਜਾਏਗੀ। ਸਟਾਫ਼ ਇਕ-ਦੂਜੇ ਤੋਂ ਦੂਰੀ ਬਣਾਉਣ, ਮਾਸਕ ਪਾਉਣ ਦੀ ਉਮੀਦ ਕਰਨ ਸਬੰਧੀ ਰਿਮਾਇੰਡਰ ਭੇਜੇਗਾ। ਰਿਮਾਇੰਡਰਾਂ ਅਤੇ ਬੇਨਤੀਆਂ ਦੀ ਪਾਲਣਾ ਕਰਨ ਵਿਚ ਲਗਾਤਾਰ ਨਾਕਾਮ ਰਹਿਣ ਦੇ ਨਤੀਜੇ ਵਜੋਂ ਸਕੂਲ ਅਨੁਸ਼ਾਸਨੀ ਕਾਰਵਾਈ ਤੱਕ ਕਰੇਗਾ ਅਤੇ ਇਸ ਵਿਚ ਵਿਦਿਆਰਥੀ ਨੂੰ ਡਿਸਟ੍ਰਿਕਟ ਦੇ ਵਰਚੁਅਲ ਪ੍ਰੋਗਰਾਮ ਵਿਚ ਨਾਂ ਦਰਜ ਕਰਾਉਣ ਦੀ ਲੋੜ ਪੈਂਦੀ ਹੈ, ਸ਼ਾਮਿਲ ਹੁੰਦੀ ਹੈ।

ਇਸ ਲਈ, ਫ੍ਰਾਂਸਿਸ ਹੌਵੈਲ ਸਕੂਲ ਡਿਸਟ੍ਰਿਕਟ ਵਲੋਂ ਪਰਿਭਾਸ਼ਤ ਕੀਤੀਆਂ ਗਈਆਂ ਵਿਹਾਰ ਸਬੰਧੀ ਉਲੰਘਣਾਵਾਂ ਅਤੇ ਅਨੁਸ਼ਾਸਨ ਦੇ ਅਨੁਕੂਲ ਪੱਧਰ ਦਾ ਪ੍ਰਗਟਾਵਾ ਅਗਲੇ ਪੰਨਿਆਂ 'ਤੇ ਦਿੱਤੇ ਗਏ ਚਾਰਟਾਂ 'ਤੇ ਕੀਤਾ ਜਾਏਗਾ।

ਐਲੀਮੈਂਟਰੀ ਅਤੇ ਸੈਕੰਡਰੀ ਵਿਚਕਾਰ ਨਤੀਜਿਆਂ ਦੇ ਪੱਧਰ ਵੱਖ ਹੋ ਸਕਦੇ ਹਨ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਅਨੁਸ਼ਾਸਨ ਦਾ ਇਕੋ ਇਕ ਉਦੇਸ਼ ਲੋੜੀਂਦਾ, ਢੁਕਵਾਂ ਵਿਹਾਰ ਸਿਖਾਉਣਾ ਅਤੇ ਭਵਿੱਖ ਵਿਚ ਅਢੁਕਵੇਂ ਵਿਹਾਰ ਨੂੰ ਰੋਕਣਾ ਹੈ।

ਅਗਲੇ ਪੰਨਿਆਂ ਵਿਚ ਦਿੱਤੀਆਂ ਗਈਆਂ ਵਿਹਾਰ ਸਬੰਧੀ ਉਲੰਘਣਾਵਾਂ ਸਾਰੇ ਵਿਦਿਆਰਥੀਆਂ ਦੀ ਉਮਰ ਨੂੰ ਧਿਆਨ ਵਿਚ ਰੱਖਦਿਆਂ, ਉਹਨਾਂ ਦਾ ਢੁਕਵੇਂ ਤਰੀਕੇ ਨਾਲ ਜਾਇਜ਼ਾ ਲਿਆ ਜਾਏਗਾ। ਮਾਤਾ-ਪਿਤਾ ਨੂੰ ਆਪਣੇ ਬੱਚਿਆਂ ਦੀਆਂ ਉਲੰਘਣਾਵਾਂ ਦਾ ਜਾਇਜ਼ਾ ਲੈਣ ਲਈ ਪ੍ਰੇਰਿਆ ਜਾਂਦਾ ਹੈ।

ਸਕੂਲ ਦੇ ਟ੍ਰਿਪ ਜਾਂ ਸਕੂਲ ਦੀਆਂ ਹੋਰ ਸਰਗਰਮੀਆਂ, ਇਹਨਾਂ ਵਿਚ ਸਕੂਲ ਤੋਂ ਬਾਹਰ ਦੀਆਂ ਥਾਵਾਂ, ਜੋ ਕਿ ਢੁਕਵੇਂ ਤਰੀਕੇ ਨਾਲ ਨਿਯੁਕਤ ਕੀਤੇ ਗਏ ਸਕੂਲ ਦੇ ਅਮਲੇ ਦੇ ਅਖ਼ਤਿਆਰ ਹੇਠ ਹੁੰਦੀਆਂ ਹਨ। ਇਹਨਾਂ ਸਰਗਰਮੀਆਂ ਦੌਰਾਨ, ਭਾਵੇਂ ਇਹਨਾਂ ਵਿਚ ਐਲੀਮੈਂਟਰੀ ਜਾਂ ਸੈਕੰਡਰੀ (ਮਿਡਲ ਅਤੇ ਹਾਈ ਸਕੂਲ) ਦੇ ਵਿਦਿਆਰਥੀ ਸ਼ਾਮਿਲ ਹੁੰਦੇ ਹਨ, 'ਤੇ ਡਿਸਟ੍ਰਿਕਟ ਦੀਆਂ ਸਾਰੀਆਂ ਪਾੱਲਿਸੀਆਂ ਅਤੇ ਨੇਮ ਲਾਗੂ ਹੁੰਦੇ ਹਨ। ਵਿਦਿਆਰਥੀਆਂ ਨੂੰ ਉਹਨਾਂ ਉਲੰਘਣਾਵਾਂ ਲਈ ਵਿਦਿਆਰਥੀ ਦੇ ਵਿਹਾਰ ਸਬੰਧੀ ਜ਼ਾਬਤੇ ਲਈ ਜਵਾਬਦੇਹ ਮੰਨਿਆ ਜਾਏਗਾ, ਜੋ FHSD ਦੀ ਸੰਪਤੀ ਤੋਂ ਦੂਰ ਕੀਤੇ ਜਾਣ ਵਾਲੇ ਫ਼ੀਲਡ ਟ੍ਰਿਪਾਂ ਅਤੇ ਸਰਗਰਮੀਆਂ ਵਿਚ ਵਾਪਰੀਆਂ ਹਨ।

FHSD ਉਹਨਾਂ ਘਟਨਾਵਾਂ ਲਈ ਸਕੂਲ ਦਾ ਅਨੁਸ਼ਾਸਨ ਲਾਗੂ ਕਰ ਸਕਦਾ ਹੈ ਅਤੇ ਕਰੇਗਾ, ਜੋ ਕਿ ਸਕੂਲ ਨਾਲ ਮਿਲੀਭੁਗਤ (ਸਬੰਧ) ਹੋਣ ਕਰਕੇ ਕੈਮਪਸ ਤੋਂ ਬਾਹਰ ਵਾਪਰਦੀਆਂ ਹਨ ਜਾਂ ਜੇ ਘਟਨਾ ਕਰਕੇ ਸਕੂਲ ਦੇ ਮਾਹੌਲ ਵਿਚ ਵਿਘਨ ਪੈਂਦਾ ਹੈ।

**ਵਿਦਿਆਰਥੀ ਦੇ ਵਿਹਾਰ ਸਬੰਧੀ ਜ਼ਾਬਤੇ ਨੂੰ ਸੂਚੀ ਵਿਚ ਸ਼ਾਮਿਲ ਕੀਤੇ ਜਾਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਜਾਂ ਹਰ ਇਕ ਜੁਰਮ ਬਾਰੇ ਦੱਸਣਾ, ਜਿਸ ਵਿਚ ਅਨੁਸ਼ਾਸਨੀ ਕਾਰਵਾਈ ਕਰਨ ਦੀ ਲੋੜ ਪੈ ਸਕਦੀ ਹੈ। ਫਿਰ ਵੀ, ਡਿਸਟ੍ਰਿਕਟ ਨੂੰ ਵਿਸ਼ੇਸ਼ ਤੌਰ 'ਤੇ ਕਿਸੇ ਵੀ ਨਤੀਜੇ ਨੂੰ ਲਾਗੂ ਕਰਨ ਦਾ ਹੱਕ ਹੈ, ਜੋ ਵਿਹਾਰ ਦੇ ਮੁੱਦੇ ਦੀ ਕਿਸਮ, ਗੰਭੀਰਤਾ ਅਤੇ ਸਮੇਂ ਦੀ ਮਿਆਦ 'ਤੇ ਪੱਧਰਾਂ ਦੀ ਪਰਿਭਾਸ਼ਾ 'ਤੇ ਨਿਰਭਰ ਕਰਦਿਆਂ ਸਥਿਤੀ ਹੇਠ ਢੁਕਵਾਂ ਹੋ ਸਕਦਾ ਹੈ।**

# ਵਿਹਾਰ ਸਬੰਧੀ ਉਲੰਘਣਾਵਾਂ

| ਅਢੁਕਵਾਂ ਜਾਂ ਨੁਕਸਾਨਦੇਹ ਵਿਹਾਰ | ਪੱਧਰ 1 | ਪੱਧਰ 2 | ਪੱਧਰ 3 | ਪੱਧਰ 4 |
|---|---|---|---|---|
| **ਸਮੁੱਚਾ ਨੁਕਸਾਨਦੇਹ ਵਿਹਾਰ** | | | | |
| ਜੁਰਮ ਕਰਕੇ ਬਣੀ ਸਥਿਤੀ ਤੋਂ ਬਾਅਦ ਸਕੂਲ ਨੂੰ ਚੰਗੀ ਤਰਤੀਬ ਦੇਣ ਲਈ। ਇਸ ਸ਼੍ਰੇਣੀ ਨੂੰ ਉਹਨਾਂ ਉਲੰਘਣਾਵਾਂ ਲਈ ਵਰਤਿਆ ਜਾ ਸਕਦਾ ਹੈ, ਜੋ ਉਲੰਘਣਾ ਦੇ ਵੇਰਵਿਆਂ ਵਿਚੋਂ ਇਕ ਹੇਠ ਨਹੀਂ ਆਉਂਦੀ। | ● | ● | ● | ● |
| **ਅੱਗ ਲਾਉਣਾ** | | | | |
| ਦੂਜੇ ਦੀ ਸੰਪਤੀ ਨੂੰ ਜਾਣ-ਬੁੱਝਕੇ ਜਾਂ ਬਿਨਾ ਸੋਚੇ-ਸਮਝੇ ਅੱਗ ਲਾਉਣੀ। **ਸਕੂਲ ਦੇ ਪ੍ਰਸ਼ਾਸਨ ਵਲੋਂ ਕਾਨੂੰਨ ਲਾਗੂ ਕਰਨ ਲਈ ਰੈਫ਼ਰਲ ਦਿੱਤਾ ਜਾਏਗਾ।** | | | ● ਐਲੀਮੈਂਟਰੀ | ● |
| **ਮਾਰੂ ਵਿਹਾਰ** | | | | |
| ਜੇ ਪ੍ਰਿੰਸੀਪਲ/ਡਿਜ਼ਾਈਨੀ ਇਸ ਨੂੰ ਕਾਫ਼ੀ ਗੰਭੀਰ ਮੰਨਦੇ ਹਨ, ਤਾਂ ਇਸ ਨੂੰ ਪੱਧਰ 3 ਦਾ ਜੁਰਮ ਮੰਨਿਆ ਜਾ ਸਕਦਾ ਹੈ। | | ● | ● | |
| **ਦੂਜੇ ਵਿਦਿਆਰਥੀ ਜਾਂ ਸਟਾਫ਼ ਦੇ ਮੈਂਬਰ ਦਾ ਹਮਲਾ** | | | | |
| ਸਰੀਰਕ ਤੌਰ 'ਤੇ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਜਿਸਮਾਨੀ ਤਾਕਤ ਦੀ ਵਰਤੋਂ ਰਾਹੀਂ। **ਸਕੂਲ ਦੇ ਪ੍ਰਸ਼ਾਸਨ ਵਲੋਂ ਕਾਨੂੰਨ ਲਾਗੂ ਕਰਨ ਲਈ ਰੈਫ਼ਰਲ ਦਿੱਤਾ ਜਾਏਗਾ।** | | ● ਐਲੀਮੈਂਟਰੀ | ● | |
| **ਬੰਬ ਦਾ ਡਰ/ਖ਼ਤਰਾ** | | | | |
| ਫੋਟਕ ਪਦਾਰਥ ਲਾਉਣ ਦੀ ਧਮਕੀ ਦੇਣੀ, ਇਸ ਵਿਚ ਕੋਈ ਵੀ ਲਿਖਤੀ ਜਾਂ ਫੋਨ 'ਤੇ ਦਿੱਤੀਆਂ ਗਈਆਂ ਧਮਕੀਆਂ ਸ਼ਾਮਿਲ ਹੁੰਦੀਆਂ ਹਨ; ਪਰਿਭਾਸ਼ਾ ਰਾਹੀਂ ਦਹਿਸ਼ਤਗਰਦੀ ਦਾ ਖ਼ਤਰਾ (ਪਰਿਭਾਸ਼ਕ ਸ਼ਬਦਾਵਲੀ ਵੇਖੋ)। **ਸਕੂਲ ਦੇ ਪ੍ਰਸ਼ਾਸਨ ਵਲੋਂ ਕਾਨੂੰਨ ਲਾਗੂ ਕਰਨ ਲਈ ਰੈਫ਼ਰਲ ਦਿੱਤਾ ਜਾਏਗਾ।** | | | | ● |
| **ਬਦਮਾਸ਼ੀ ਕਰਨੀ** | | | | |
| ਬਦਮਾਸ਼ੀ, ਡਰਾਉਣ ਲਈ ਇਕ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਵਲੋਂ ਜਾਣ-ਬੁੱਝਕੇ ਕੀਤੀ ਗਈ ਕਾਰਵਾਈ, ਅਣਚਾਹਿਆ ਮਾਰੂ ਵਿਹਾਰ ਜਾਂ ਤੰਗ-ਪਰੇਸ਼ਾਨ ਕਰਨਾ, ਜੋ ਕਿ ਦੁਹਰਾਇਆ ਜਾਂਦਾ ਹੈ ਜਾਂ ਇਸਦੇ ਦੁਹਰਾਏ ਜਾਣ ਦੀ ਚੋਖੀ ਸੰਭਾਵਨਾ ਹੁੰਦੀ ਹੈ ਅਤੇ ਸੂਝਵਾਨ ਵਿਦਿਆਰਥੀ/ਵਿਦਿਆਰਥਣ ਦੀ ਉਹਨਾਂ ਦੀ ਸਰੀਰਕ ਸੁਰੱਖਿਆ ਜਾਂ ਸੰਪਤੀ ਲਈ ਡਰ ਦਾ ਕਾਰਣ ਬਣਦਾ ਹੈ; ਵਿਦਿਅਕ ਕਾਰਗੁਜ਼ਾਰੀ, ਮੌਕਿਆਂ ਜਾਂ ਬਿਨਾ ਛੋਟ ਦੇ ਕਿਸੇ ਵੀ ਵਿਦਿਆਰਥੀ ਦੇ ਲਾਭਾਂ ਵਿਚ ਚੋਖਾ ਵਿਘਨ ਪਾਉਂਦਾ ਹੈ; ਜਾਂ ਸਕੂਲ ਦੇ ਸੰਗਠਿਤ ਸਿਲਸਿਲੇ ਵਿਚ ਚੋਖੀ ਦਖ਼ਲਅੰਦਾਜ਼ੀ ਕਰਦਾ ਹੈ। ਬਦਮਾਸ਼ੀ ਵਿਚ ਸਰੀਰਕ ਹਰਕਤਾਂ ਹੋ ਸਕਦੀਆਂ ਹਨ, ਇਸ ਵਿਚ ਇਸ਼ਾਰੇ ਕਰਨਾ, ਜ਼ਬਾਨੀ ਸਾਈਬਰਬੁਲਿੰਗ, ਇਲੈਕਟ੍ਰੌਨਿਕ ਜਾਂ ਲਿਖਤੀ ਸੰਚਾਰ ਅਤੇ ਬਦਮਾਸ਼ੀ ਦੀਆਂ ਰਿਪੋਰਟ ਕੀਤੀਆਂ ਗਈਆਂ ਕਾਰਵਾਈਆਂ ਲਈ ਬਦਲਾ ਲੈਣ ਦੀ ਕੋਈ ਧਮਕੀ ਸ਼ਾਮਿਲ ਹੁੰਦੀ ਹੈ। ਜੇ ਪ੍ਰਿੰਸੀਪਲ/ਡਿਜ਼ਾਈਨੀ ਇਸ ਨੂੰ ਕਾਫ਼ੀ ਗੰਭੀਰ ਮੰਨਦੇ ਹਨ, ਤਾਂ ਇਸ ਨੂੰ ਪੱਧਰ 2, 3 ਜਾਂ 4 ਦੀ ਉਲੰਘਣਾ ਮੰਨਿਆ ਜਾ ਸਕਦਾ ਹੈ। | ● | ● | ● | ● |
| **ਧੋਖੇਬਾਜ਼ੀ/ਸਾਹਿਤਕ ਚੋਰੀ** | | | | |
| ਟੈਸਟ/ਅਸਾਈਨਮੈਂਟ 'ਤੇ ਸਿਫ਼ਰ ਦੇਕੇ ਸਜ਼ਾ ਦਿੱਤੀ ਜਾਂਦੀ ਹੈ ਅਤੇ ਅਧਿਆਪਕ ਮਾਤਾ-ਪਿਤਾ/ਸਰਪ੍ਰਸਤ (ਸਰਪ੍ਰਸਤਾਂ) ਅਤੇ ਸਮੱਸਿਆ ਦੇ ਪ੍ਰਬੰਧ ਕਰਨ ਵਾਲੇ ਬਾਰੇ ਦੱਸਦਾ ਹੈ; ਇਸ ਵਿਚ ਇਲੈਕਟ੍ਰੌਨਿਕ ਧੋਖੇਬਾਜ਼ੀ ਸ਼ਾਮਿਲ ਹੁੰਦੀ ਹੈ। ਬਹੁਤ ਸਾਰੀਆਂ ਘਟਨਾਵਾਂ ਕਰਕੇ ਪੱਧਰ 2 ਦਾ ਜੁਰਮ ਲਾਗੂ ਹੋ ਸਕਦਾ ਹੈ। | ● | | | |
| **ਵਿਦਿਆਰਥੀ ਜਾਂ ਵੱਡਿਆਂ ਦੀ ਇੱਜ਼ਤ ਨਾ ਕਰਨੀ** | | | | |
| ਇਸ ਵਿਚ ਸ਼ਬਦ, ਅਵਾਜ਼ ਦਾ ਸੁਰ, ਚਿਹਰੇ ਦੇ ਹਾਵ-ਭਾਵ, ਲਿਖਤੀ ਪ੍ਰਗਟਾਵੇ ਜਾਂ ਇਸ਼ਾਰੇ ਸ਼ਾਮਿਲ ਹੁੰਦੇ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹੈ। | ● | | | |
| **ਨੁਕਸਾਨਦੇਹ ਵਿਹਾਰ** | | | | |
| ਵਿਹਾਰ, ਜਿਸਦਾ ਪੜ੍ਹਾਈ ਜਾਂ ਵਿਦਿਆਰਥੀਆਂ ਦੀ ਸੁਰੱਖਿਅਤ ਟ੍ਰਾਂਸਪੋਰਟੇਸ਼ਨ ਵਿਚ ਵਿਘਨ ਪਾਉਣ ਦਾ ਜਾਣ-ਬੁਝਕੇ ਕੀਤਾ ਗਿਆ ਅਸਰ ਪੈਂਦਾ ਹੈ, ਇਸ ਵਿਚ ਬਹੁਤ ਜ਼ਿਆਦਾ ਗੱਲ ਕਰਨੀ, ਸੀਟ ਤੋਂ ਉੱਠਣਾ, ਸਮਾਨਾਂ ਨੂੰ ਸੁੱਟਣਾ, ਹੋਰਨਾਂ ਨੂੰ ਪਰੇਸ਼ਾਨ ਕਰਨਾ, ਕਾਗਜ਼ ਫੜਾਉਣੇ ਅਤੇ/ਜਾਂ ਹੋਰ ਹਰਕਤਾਂ ਕਰਨੀਆਂ, (ਜਿਵੇਂ ਵਿਦਿਆਰਥੀ ਨਾਲ ਸ਼ਰਾਰਤ ਕਰਨੀ), ਜਿਸ ਨਾਲ ਵਿਦਿਅਕ ਅਮਲ ਵਿਚ ਦਖ਼ਲ ਪੈਂਦਾ ਹੈ, ਸ਼ਾਮਿਲ ਹੁੰਦਾ ਹੈ, ਪਰ ਇਹਨਾਂ ਤੱਕ ਸੀਮਤ ਨਹੀਂ ਹੈ। ਵਿਦਿਆਰਥੀਆਂ ਨਾਲ ਕੀਤੀ ਜਾਣ ਵਾਲੀ ਚੁਹਲਬਾਜ਼ੀ (ਪ੍ਰੈਂਕਸ) ਨੂੰ ਇਸ ਉਲੰਘਣਾ ਹੇਠ ਮੰਨਿਆ ਜਾ ਸਕਦਾ ਹੈ। ਜੇ ਪ੍ਰਿੰਸੀਪਲ/ਡਿਜ਼ਾਈਨੀ ਇਸ ਨੂੰ ਕਾਫ਼ੀ ਗੰਭੀਰ ਮੰਨਦੇ ਹਨ, ਤਾਂ ਇਸ ਨੂੰ ਪੱਧਰ 2, 3 ਜਾਂ 4 ਦਾ ਉਲੰਘਣਾ ਮੰਨਿਆ ਜਾ ਸਕਦਾ ਹੈ। | ● | ● | ● | |
| **ਬੋਲਕੇ ਜਾਂ ਵਿਹਾਰ ਨਾਲ ਹੇਠੀ ਕਰਨੀ** | | | | |
| ਇਸ ਵਿਚ ਕਿਸੇ ਵਿਅਕਤੀ ਦੇ ਬੰਸ, ਰੰਗ, ਸੈਕਸ, ਰਾਸ਼ਟਰੀ ਮੂਲ, ਉਮਰ, ਨਸਲੀ ਮੂਲ, ਅਸਮਰੱਥਾ (ਅਪਾਹਜ), ਧਰਮ, ਜਿਨਸੀ ਰੁਝਾਨ, ਕਥਿਤ ਜਿਨਸੀ ਰੁਝਾਨ (ਟਾਈਟਲ IX ਜਾਂ ਟਾਈਟਲ VI ਰੈਫ਼ਰਲ ਦੇ ਨਤੀਜੇ ਵਜੋਂ ਵੀ ਹੋ ਸਕਦਾ ਹੈ) ਕਰਕੇ ਹੋਰਨਾਂ ਲੋਕਾਂ ਦੀ ਹੇਠੀ ਕਰਨ ਲਈ ਨਫ਼ਰਤੀ ਭਾਸ਼ਾ (ਲਿਖਕੇ ਜਾਂ ਬੋਲਕੇ) ਦੀ ਵਰਤੋਂ ਕਰਨਾ ਸ਼ਾਮਿਲ ਹੁੰਦਾ ਹੈ, ਪਰ ਇਹਨਾਂ ਤੱਕ ਸੀਮਤ ਨਹੀਂ ਹੈ। ਇਸ ਵਿਚ ਵਿਹਾਰ, ਜ਼ਬਾਨੀ, ਲਿਖਤੀ ਜਾਂ ਇਸ਼ਾਰਿਆਂ ਨਾਲ ਕੀਤੀ ਗਈ ਗੱਲਬਾਤ ਸ਼ਾਮਿਲ ਹੁੰਦੀ ਹੈ। ਜੇ ਪ੍ਰਿੰਸੀਪਲ/ਡਿਜ਼ਾਈਨੀ ਇਸ ਨੂੰ ਕਾਫ਼ੀ ਗੰਭੀਰ ਮੰਨਦੇ ਹਨ, ਤਾਂ ਇਸ ਨੂੰ ਪੱਧਰ 3 ਦੀ ਉਲੰਘਣਾ ਮੰਨਿਆ ਜਾ ਸਕਦਾ ਹੈ। | | ● | ● | |

# ਵਿਹਾਰ ਸਬੰਧੀ ਉਲੰਘਣਾਵਾਂ

| ਅਢੁਕਵਾਂ ਜਾਂ ਨੁਕਸਾਨਦੇਹ ਵਿਹਾਰ | ਪੱਧਰ 1 | ਪੱਧਰ 2 | ਪੱਧਰ 3 | ਪੱਧਰ 4 |
|---|---|---|---|---|
| **ਡ੍ਰੈਸ ਕੋਡ ਦੀ ਉਲੰਘਣਾ** | | | | |
| ਸਕੂਲ ਦੇ ਡ੍ਰੈਸ ਕੋਡ ਦੀ ਉਲੰਘਣਾ ਵਿਚ ਡ੍ਰੈਸ ਦਾ ਤਰੀਕਾ ਜਾਂ ਦਿੱਖ, ਸਕੂਲ ਦੀਆਂ ਸਰਗਰਮੀਆਂ ਲਈ ਅਢੁਕਵੀਂ ਅਤੇ/ਜਾਂ ਵਿਦਿਅਕ ਅਮਲ ਵਿਚ ਵਿਘਨ ਪਾਉਣ ਵਾਲੀ ਹੁੰਦੀ ਹੈ, ਇਸ ਵਿਚ ਢਿਲਕਣ ਵਾਲੇ/ਸਰੀਰ ਨਜ਼ਰ ਆਉਣ ਵਾਲੇ ਕਪੜੇ, ਅੰਦਰ ਪਾਉਣ ਵਾਲੇ ਕਪੜਿਆਂ ਦਾ ਪ੍ਰਗਟਾਵਾ, ਸਪਾਈਕਸ ਅਤੇ/ਜਾਂ ਚੇਨਾਂ ਪਾਉਣੀਆਂ ਜਾਂ ਕਪੜਿਆਂ/ਮਾਸਕਾਂ 'ਤੇ ਅਢੁਕਵੇਂ ਪ੍ਰਿੰਟ (ਜਿਵੇਂ ਜਿਨਸੀ ਭਾਵ ਦਰਸਾਉਣ ਵਾਲੇ, ਨਸ਼ੀਲੀਆਂ ਦਵਾਈਆਂ, ਨਸ਼ੀਲੇ ਪੇਯ-ਪਦਾਰਥ, ਹਥਿਆਰ, ਗ਼ੈਰਕਾਨੂੰਨੀ ਸਰਗਰਮੀਆਂ ਆਦਿ) ਸ਼ਾਮਿਲ ਹੁੰਦੇ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹੈ। ਪ੍ਰਿੰਸੀਪਲ, ਮਾਤਾ-ਪਿਤਾ ਨੂੰ ਵਿਦਿਆਰਥੀ ਵਾਸਤੇ ਬਦਲਣ ਲਈ ਢੁਕਵੇਂ ਕਪੜੇ ਲਿਆਉਣ ਲਈ ਕਹਿ ਸਕਦੇ ਹਨ। ਵਿਦਿਆਰਥੀ ਨੂੰ ਡ੍ਰੈਸ ਕੋਡ ਪੂਰਾ ਕਰਨ ਵਾਲੇ ਕਪੜੇ ਬਦਲਣ ਲਈ ਕਿਹਾ ਜਾਂਦਾ ਹੈ, ਜੇ ਉਹ ਵਿਦਿਆਰਥੀ ਬਾਅਦ ਵਿਚ ਫਿਰ ਤੋਂ ਡ੍ਰੈਸ ਕੋਡ ਦੀ ਉਲੰਘਣਾ ਕਰਦਿਆਂ ਹੋਇਆਂ ਮਿਲਦਾ ਹੈ, ਤਾਂ ਵਾਧੂ ਅਨੁਸ਼ਾਸਨ ਲਾਗੂ ਕੀਤਾ ਜਾ ਸਕਦਾ ਹੈ। | • | | | |
| **ਡ੍ਰਾਈਵਿੰਗ/ਪਾਰਕਿੰਗ ਦੀ ਉਲੰਘਣਾ** | | | | |
| ਬਿਨਾ ਅਖ਼ਤਿਆਰ ਵਾਲੀ ਥਾਂ ਵਿਚ ਗੱਡੀ ਖੜ੍ਹੀ ਕਰਨੀ, ਪਰਮਿਟ ਤੋਂ ਬਿਨਾ ਗੱਡੀ ਖੜ੍ਹੀ ਕਰਨੀ ਜਾਂ ਵਿਦਿਆਰਥੀ ਦੇ ਡ੍ਰਾਈਵਰਾਂ ਲਈ ਤਿਆਰ ਕੀਤੀਆਂ ਸੇਧਾਂ ਦੀ ਪਾਲਣਾ ਕਰਨ ਵਿਚ ਨਾਕਾਮ ਰਹਿਣਾ। ਪਾਰਕਿੰਗ ਵਾਲੀ ਥਾਂ ਵਿਚ ਲਾਪਰਵਾਹੀ ਨਾਲ ਗੱਡੀ ਚਲਾਉਣੀ। ਪਾਲਣਾ ਕਰਨ ਵਿਚ ਨਾਕਾਮ ਰਹਿਣ ਕਰਕੇ ਪਾਰਕਿੰਗ ਦੇ ਖ਼ਾਸ ਅਖ਼ਤਿਆਰ ਖੁੰਝ ਸਕਦੇ ਹਨ ਜਾਂ ਹੋਰ ਅਨੁਸ਼ਾਸਨੀ ਨਤੀਜੇ ਲਾਗੂ ਹੋ ਸਕਦੇ ਹਨ। | • | | | |
| **ਇਲੈਕਟ੍ਰੌਨਿਕ ਉਪਕਰਣ ਦੀ ਦੁਰਵਰਤੋਂ** | | | | |
| ਸਕੂਲ ਦੇ ਬਿਨਾ ਮੰਜ਼ੂਰੀ ਵਾਲੇ ਸਮਿਆਂ ਦੌਰਾਨ ਫੋਨ ਜਾਂ ਕੋਈ ਗ਼ੈਰ-ਵਿਦਿਅਕ ਇਲੈਕਟ੍ਰੌਨਿਕ ਉਪਕਰਣ ਚਲਾਉਣੇ ਜਾਂ ਵਿਖਾਉਣੇ, ਇਸ ਵਿਚ ਹੈਡਫੋਨ, iPods, DVD, ਈ-ਰੀਡਰ ਆਦਿ ਸ਼ਾਮਿਲ ਹੁੰਦੇ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹੈ। ਡਿਸਟ੍ਰਿਕਟ ਕਿਸੇ ਉਪਕਰਣ ਦੇ ਖ਼ਰਾਬ ਹੋਣ, ਖੁੰਝਣ ਜਾਂ ਚੋਰੀ ਲਈ ਜ਼ਿੰਮੇਵਾਰ ਨਹੀਂ ਹੈ। ਇਸ ਵਿਚ ਸਕੂਲ ਦੇ ਸਟਾਫ਼, ਵਿਦਿਆਰਥੀਆਂ ਜਾਂ ਸਕੂਲ ਦੇ ਦਸਤਾਵੇਜ਼ਾਂ ਦੀ ਬਿਨਾ ਅਖ਼ਤਿਆਰ ਵਾਲੀ ਫੋਟੋ ਦੀ ਅਢੁਕਵੀਂ, ਬਿਨਾ ਅਖ਼ਤਿਆਰ ਵਰਤੋਂ ਕਰਨ, ਫੋਟੋ ਲੈਣ, ਪ੍ਰਸਾਰਣ ਕਰਨ ਜਾਂ ਨਕਲ ਕਰਨੀ ਸ਼ਾਮਿਲ ਹੁੰਦੀ ਹੈ। ਇਹ ਧਿਆਨ ਰਖਣਾ ਚਾਹੀਦਾ ਹੈ ਕਿ ਰੈਸਟਰੂਮਾਂ ਜਾਂ ਲਾੱਕਰ ਰੂਮ ਵਿਚ ਫੋਟੋਆਂ ਲੈਣ ਦੀ ਮੰਜ਼ੂਰੀ ਨਹੀਂ ਹੈ ਅਤੇ ਇਸ ਨੂੰ ਪੱਧਰ 2 ਜਾਂ 3 ਦਾ ਜੁਰਮ ਮੰਨਿਆ ਜਾਂਦਾ ਹੈ। ਅਢੁਕਵੇਂ ਸੁਨੇਹਿਆਂ ਅਤੇ/ਜਾਂ ਤਸਵੀਰਾਂ ਲਈ ਜ਼ਬਤ ਕੀਤੇ ਗਏ ਉਪਕਰਣਾਂ ਦੀ ਤਲਾਸ਼ੀ ਲਈ ਜਾ ਸਕਦੀ ਹੈ। **ਇਸ ਗੱਲ ਨੂੰ ਧਿਆਨ ਵਿਚ ਰਖੇ ਬਿਨਾ ਕਿ ਅਢੁਕਵੇਂ ਮਜ਼ਮੂਨ ਦਾ ਮੂਲ ਕਿੱਥੇ ਹੈ, ਫੋਨ 'ਤੇ ਮਿਲੇ ਮਜ਼ਮੂਨਾਂ ਲਈ ਵਿਦਿਆਰਥੀਆਂ ਨੂੰ ਜਵਾਬਦੇਹ ਮੰਨਿਆ ਜਾਏਗਾ।** ਕੁਝ ਮਾਮਲਿਆਂ ਵਿਚ, ਅਕਾਦਮਿਕ ਉਦੇਸ਼ਾਂ ਲਈ ਅਧਿਆਪਕ ਦੇ ਅਖ਼ਤਿਆਰ ਜਾਂ ਪ੍ਰਸ਼ਾਸਕ ਵਲੋਂ ਦਿੱਤੀ ਗਈ ਮੰਜ਼ੂਰੀ ਰਾਹੀਂ ਪ੍ਰੇਰਣਾ ਦੇਣ ਵਜੋਂ ਇਹਨਾਂ ਆਈਟਮਾਂ ਦੀ ਮੰਜ਼ੂਰੀ ਦਿੱਤੀ ਜਾਏਗੀ। | • | | | |
| **ਝੂਠੇ ਦੋਸ਼ ਲਾਉਣੇ** | | | | |
| ਵਿਦਿਆਰਥੀਆਂ ਜਾਂ ਸਟਾਫ਼ ਦੇ ਖ਼ਿਲਾਫ਼ ਜਾਣ-ਬੁਝਕੇ ਦੋਸ਼ ਲਾਉਣੇ। ਜੇ ਬਿਲਡਿੰਗ ਪ੍ਰਸ਼ਾਸਕ ਇਸ ਨੂੰ ਕਾਫ਼ੀ ਗੰਭੀਰ ਮੰਨਦੇ ਹਨ, ਤਾਂ ਇਸ ਨੂੰ ਪੱਧਰ 3 ਦੀ ਉਲੰਘਣਾ ਮੰਨਿਆ ਜਾ ਸਕਦਾ ਹੈ। | | • | • | |
| **ਝੂਠੀ ਚਿਤਾਵਨੀ/ਅੱਗ ਬੁਝਾਉਣ ਵਾਲੇ ਉਪਕਰਣ ਦੀ ਦੁਰਵਰਤੋਂ** | | | | |
| ਐਮਰਜੈਂਸੀ ਉਪਕਰਣ ਨਾਲ ਛੇੜਛਾੜ ਕਰਨੀ ਜਾਂ ਝੂਠੀ ਚਿਤਾਵਨੀ ਜਾਂ ਝੂਠੀ ਰਿਪੋਰਟ ਦਰਜ ਕਰਨੀ (ਜਿਵੇਂ 911 'ਤੇ ਡਾਇਲ ਕਰਨਾ)। ਜੇ ਪ੍ਰਿੰਸੀਪਲ/ਡਿਜ਼ਾਈਨੀ ਇਸ ਨੂੰ ਕਾਫ਼ੀ ਗੰਭੀਰ ਮੰਨਦੇ ਹਨ, ਤਾਂ ਇਸ ਨੂੰ ਪੱਧਰ 3 ਮੰਨਿਆ ਜਾ ਸਕਦਾ ਹੈ। | | • | • | |
| **ਲੜਾਈ ਕਰਨੀ** | | | | |
| ਆਪਸੀ ਸੰਪਰਕ ਵਿਚ ਦੂਜੇ ਨੂੰ ਸਰੀਰਕ ਤੌਰ 'ਤੇ ਮਾਰਣਾ (ਜਿਵੇਂ ਹਮਲੇ ਤੋਂ ਅਲੱਗ) ਜਾਂ ਬੋਲਣਾ ਜਾਂ ਉਕਸਾਉਣ ਲਈ ਹਰਕਤਾਂ ਕਰਨੀਆਂ ਜਾਂ ਲੜਾਈ **ਕਰਨੀ। ਕਿਸੀ ਵੀ ਤਰੀਕੇ ਨਾਲ ਲੜਾਈ ਨੂੰ ਰਿਕਾੱਰਡ ਕਰਨਾ ਅਤੇ ਸ਼ਾਂਝੀ ਕਰਨਾ ਜਾਂ ਸ਼ੋਸ਼ਲ ਮੀਡਿਆ ਤੇ ਪੋਸਟ ਕਰਨਾ, ਇਸ ਉਲੰਘਣਾ ਦੇ ਅੰਦਰ ਆਉਂਦੀ ਹੈ।** ਜੇ ਪ੍ਰਿੰਸੀਪਲ/ਡਿਜ਼ਾਈਨੀ ਇਸ ਨੂੰ ਕਾਫ਼ੀ ਗੰਭੀਰ ਮੰਨਦੇ ਹਨ, ਤਾਂ ਇਸ ਨੂੰ ਪੱਧਰ 3 ਦੀ ਉਲੰਘਣਾ ਮੰਨਿਆ ਜਾ ਸਕਦਾ ਹੈ। | | • | • | |
| **ਪਟਾਕੇ** | | | | |
| ਪਟਾਕੇ ਰੱਖਣੇ ਜਾਂ ਚਲਾਉਣੇ | | •<br>ਐਲੀਮੈਂਟਰੀ | • | |
| **ਜਾਲ੍ਹਸਾਜ਼ੀ** | | | | |
| ਮਾਤਾ-ਪਿਤਾ/ਸਰਪ੍ਰਸਤ (ਫੋਨ ਰਾਹੀਂ ਮਾਤਾ-ਪਿਤਾ ਵਜੋਂ ਗੱਲਬਾਤ ਕਰਨੀ ਸ਼ਾਮਿਲ ਹੁੰਦੀ ਹੈ) ਦੇ ਦਸਤਖ਼ਤ, ਅਧਿਆਪਕ ਜਾਂ ਅਫ਼ਸਰ (ਹਾੱਲ ਦੇ ਪਾਸ, ਅੰਦਰ ਜਾਣ ਦੀਆਂ ਸਲਿੱਪਾਂ) ਆਦਿ ਦੇ ਦਸਤਖ਼ਤ ਕਰਨੇ। | • | | | |

# ਵਿਹਾਰ ਸਬੰਧੀ ਉਲੰਘਣਾਵਾਂ

| ਅਢੁਕਵਾਂ ਜਾਂ ਨੁਕਸਾਨਦੇਹ ਵਿਹਾਰ | ਪੱਧਰ 1 | ਪੱਧਰ 2 | ਪੱਧਰ 3 | ਪੱਧਰ 4 |
|---|---|---|---|---|
| **ਗੈਂਗ/ਗੈਂਗ ਦੇ ਚਿੰਨ੍ਹ** | | | | |
| ਗੁਪਤ ਸੁਸਾਇਟੀ ਜਾਂ "ਕਲੱਬ" ਦੀ ਮੈਂਬਰੀ, ਜੋ ਸਕੂਲ ਦੇ ਬਿਹਤਰੀਨ ਪ੍ਰਬੰਧਲਈ ਨੁਕਸਾਨਦੇਹ ਹੈ;<br>ਗੈਂਗ ਦੇ ਚਿੰਨ੍ਹ ਜਾਂ ਸੰਕੇਤ ਫ਼ਲੈਸ਼ ਕਰਨੇ ਅਤੇ/ਜਾਂ ਲਿਖਣੇ। | | ● | | |
| **ਪਿਆਰ ਦਾ ਅਢੁਕਵਾਂ ਪ੍ਰਗਟਾਵਾ** | | | | |
| ਅਢੁਕਵੇਂ ਪ੍ਰਗਟਾਵੇ ਵਿਚ ਸਹਿਮਤੀ ਨਾਲ ਚੁੰਮਣਾ, ਪਿਆਰ ਕਰਨਾ ਆਦਿ ਸ਼ਾਮਿਲ ਹੁੰਦਾ ਹੈ। | ● | | | |
| **ਅਸ਼ਲੀਲ ਪ੍ਰਗਟਾਵਾ/ਕਪੜੇ ਲਾਹੁਣੇ** | | | | |
| ਇਸ ਵਿਚ ਆਮ ਥਾਂ 'ਤੇ ਚਿੱਤੜ ਅਤੇ/ਜਾਂ ਜਣਨ-ਅੰਗ ਵਿਖਾਉਣੇ ਜਾਂ ਕਿਸੇ ਹੋਰ ਵਿਅਕਤੀ ਦੇ ਜਾਂ ਆਪਣੇ ਖ਼ੁਦ ਦੇ ਸਰੀਰ ਦੇ ਕਿਸੇ ਵੀ ਨਿਜੀ ਅੰਗ ਨੂੰ ਦਰਸਾਉਣ ਵਾਲੇ ਕਪੜੇ ਅਤੇ/ਜਾਂ ਹੇਠਾਂ ਪਾਉਣ ਵਾਲੇ ਕਪੜੇ ਲਾਹੁਣੇ। ਇਸ ਉਲੰਘਣਾ ਹੇਠ "ਪੈਂਸਿੰਗ" (ਸਕੂਲ ਦੇ ਜਿਮ ਦੀਆਂ ਕਲਾਸਾਂ ਵਿਚ ਸ਼ਰਾਰਤ ਕਰਨੀ) ਆਉਂਦੀ ਹੈ। ਇਸਦਾ ਨਤੀਜਾ ਬਿਲਡਿੰਗ ਅਨੁਪਾਲਨ ਅਧਿਕਾਰੀ ਨੂੰ ਰੈਫ਼ਰਲ ਕਰਨਾ ਹੋ ਸਕਦਾ ਹੈ। ਜੇ ਪ੍ਰਿੰਸੀਪਲ/ਡਿਜ਼ਾਈਨੀ ਇਸ ਨੂੰ ਕਾਫ਼ੀ ਗੰਭੀਰ ਮੰਨਦੇ ਹਨ, ਤਾਂ ਇਸ ਨੂੰ ਪੱਧਰ 3 ਦਾ ਜੁਰਮ ਮੰਨਿਆ ਜਾ ਸਕਦਾ ਹੈ। | | ● | ● | |
| **ਸਕੂਲ ਵਿਚ ਮੁਅੱਤਲ ਕਰਨ ਸਬੰਧੀ (ISS/ISAP) ਸੇਧਾਂ** | | | | |
| ਸਕੂਲ ਵਿਚ ਮੁਅੱਤਲ ਕਰਨ ਸਬੰਧੀ ਸੇਧਾਂ ਦੀ ਪਾਲਣਾ ਕਰਨ ਵਿਚ ਨਾਕਾਮ ਰਹਿਣਾ। | | ● | | |
| **ਨਾਫ਼ਰਮਾਨੀ (ਅਥਾਰਿਟੀ ਦੀ ਗੱਲ ਨਾ ਮੰਨਣੀ/ਸਿੱਧੀ ਅਵੱਗਿਆ)** | | | | |
| ਸਟਾਫ਼ ਦੀ ਸੇਧ ਜਾਂ ਬੇਨਤੀ ਨੂੰ ਮੰਨਣ ਤੋਂ ਮਨ੍ਹਾ ਕਰਨਾ ਜਾਂ ਸਟਾਫ਼ ਅਥਾਰਿਟੀ ਦੀ ਅਵੱਗਿਆ। | ● | | | |
| **ਲਾੱਕਰ ਰੂਮ/ਰੈਸਟਰੂਮ ਦੀ ਉਲੰਘਣਾ** | | | | |
| ਰੈਸਟਰੂਮ ਦੇ ਸਮਾਨ (ਸਾਬੁਨ, ਪਾਣੀ, ਪੇਪਰ ਟਾੱਲਸ, ਟਾੱਇਲਟ ਪੇਪਰ) ਦੀ ਦੁਰਵਰਤੋਂ ਕਰਨੀ। "ਵਿਰੋਧੀ ਲਿੰਗ" ਦੇ ਲਾੱਕਰ ਰੂਮ ਜਾਂ ਰੈਸਟਰੂਮ ਵਿਚ ਜਾਣਾ (ਇਸ ਵਿਚ ਵਿਰੋਧੀ ਲਿੰਗ ਦੇ ਲਾੱਕਰ ਰੂਮ ਜਾਂ ਰੈਸਟਰੂਮ ਵਿਚ ਜਾਕੇ ਦੂਜੇ ਸ਼ਖ਼ਸ ਨੂੰ ਧੱਕਾ ਮਾਰਣਾ ਸ਼ਾਮਿਲ ਹੈ), ਪੱਧਰ 2 ਦਾ ਜੁਰਮ ਹੈ। | ● | ● | | |
| **ਝੂਠ ਬੋਲਣਾ** | | | | |
| ਜਾਣ-ਬੁੱਝਕੇ ਝੂਠੀ ਜਾਂ ਗ਼ਲਤ ਜਾਣਕਾਰੀ ਦੇਣੀ। | ● | | | |
| **ਬਿਲਡਿੰਗ ਵਿਚ ਅਢੁਕਵੇਂ ਤਰੀਕੇ ਨਾਲ ਘੁੰਮਣਾ** | | | | |
| ਇਮਾਰਤ ਵਿਚੋਂ ਅਰਾਮ ਨਾਲ ਨਾ ਨਿਕਲਣਾ; ਲਾਈਨ ਵਿਚ ਨਾ ਤੁਰਣਾ; ਇਮਾਰਤ ਵਿਚ ਦੌੜਣਾ; ਸਿੱਧੇ ਰਾਹਾਂ ਦੀ ਵਰਤੋਂ ਨਾ ਕਰਨੀ; ਬਿਨਾ ਮੰਜ਼ੂਰੀ ਦੇ ਮਿੱਥੀ ਹੋਈ ਥਾਂ ਛੱਡਣੀ। | ●<br>ਐਲੀਮੈਂਟਰੀ | | | |
| **ਲਾਪਰਵਾਹੀ ਵਾਲਾ ਵਿਹਾਰ** | | | | |
| ਕਿਸੇ ਹੋਰ ਵਿਅਕਤੀ ਦੀ ਸੰਪਤੀ ਨੂੰ ਨੁਕਸਾਨ ਪਹੁੰਚਾਉਣਾ ਜਾਂ ਕਿਸੇ ਹੋਰ ਵਿਅਕਤੀ ਨੂੰ ਜ਼ਖ਼ਮੀ ਕਰਨਾ ਜਾਂ ਉਸਦੀ ਸੁਰੱਖਿਆ ਨੂੰ ਖ਼ਤਰੇ ਵਿਚ ਪਾਉਣਾ (ਇਸ ਵਿਚ ਕੋਵਿਡ-19 ਫੈਲਣ ਨੂੰ ਰੋਕਣ ਲਈ ਲੋੜੀਂਦੇ ਅਨੁਸਾਰ ਮਾਸਕ ਨਾ ਲਾਉਣਾ, "ਝਟਕਾ ਲੱਗਣ" ਵਾਲੇ ਖਿਡੌਣਿਆਂ ਦੀ ਵਰਤੋਂ ਕਰਨੀ, ਲੈਬ ਦੀ ਸੁਰੱਖਿਆ ਦੀ ਉਲੰਘਣਾ ਕਰਨੀ ਅਤੇ ਹੋਰ ਗ਼ੈਰ-ਜ਼ਿੰਮੇਵਾਰ ਵਿਹਾਰ ਸ਼ਾਮਿਲ ਹੁੰਦੇ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹੈ)। ਇਸ ਸ਼੍ਰੇਣੀ ਵਿਚ ਵਿਦਿਆਰਥੀ ਨਾਲ ਸ਼ਰਾਰਤ ਕਰਨ ਨੂੰ ਵੀ ਸ਼ਾਮਿਲ ਕੀਤਾ ਜਾ ਸਕਦਾ ਹੈ। | | ● | | |
| **ਕਾਉਂਟਰ ਤੋਂ ਲਏ ਗਏ ਨਸ਼ੀਲੇ ਪਦਾਰਥ** | | | | |
| **ਇਸ ਵਿਚ ਬਿਨਾ-ਪਰਚੀ ਵਾਲੇ ਨਸ਼ੀਲੇ ਪਦਾਰਥ ਰੱਖਣੇ** ਜਾਂ ਵਰਤੋਂ ਕਰਨੀ,**ਪੱਧਰ 2 ਦਾ ਜੁਰਮ ਹੈ,** ਸ਼ਾਮਿਲ ਹੁੰਦਾ ਹੈ, ਪਰ ਇਹਨਾਂ ਤੱਕ ਸੀਮਤ ਨਹੀਂ ਹੈ। **"ਕਾਉਂਟਰ ਤੋਂ ਲਈਆਂ ਜਾਣ ਵਾਲੀਆਂ" ਦਵਾਈਆਂ ਵੰਡਣੀਆਂ, ਵੇਚਣੀਆਂ ਜਾਂ ਖ਼ਰੀਦਣੀਆਂ** (ਇਸ ਵਿਚ ਬਿਨਾ-ਪਰਚੀ ਵਾਲੇ ਨਸ਼ੀਲੇ ਪਦਾਰਥ ਸ਼ਾਮਿਲ ਹੁੰਦੇ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹੈ) ਜਾਂ ਇਹਨਾਂ ਦੇ ਅਸਰ ਹੇਠ ਹੋਣਾ, ਜੋ ਕਿ ਵਿਦਿਅਕ ਮਾਹੌਲ ਲਈ ਨੁਕਸਾਨਦੇਹ ਹਨ,**ਪੱਧਰ 3 ਦਾ ਜੁਰਮ** ਹੈ। | | ● | ● | |
| **ਸਰੀਰਕ ਸੰਪਰਕ/ਸਰੀਰਕ ਨੁਕਸਾਨ** | | | | |
| ਅਢੁਕਵਾਂ ਸੰਪਰਕ ਜਾਂ ਵਿਹਾਰ (ਜਿਵੇਂ ਘਿਸੜਕੇ ਤੁਰਣਾ, ਲੜਾਈ-ਲੜਾਈ ਖੇਡਣਾ ਜਾਂ ਖਰਮਸਤੀ ਕਰਨੀ)। ਸਰੀਰਕ ਨੁਕਸਾਨ ਕਰਨ ਵਾਲੇ ਵਿਹਾਰ ਹਨ, ਜਿਵੇਂ ਲੜਾਈ-ਲੜਾਈ "ਖੇਡਣਾ", ਮਾਰਣਾ, ਧੱਕਾ ਦੇਣਾ, ਥੱਪੜ ਮਾਰਣਾ, ਮੁੱਕਾ ਮਾਰਣਾ ਜਾਂ ਸ਼ਰਾਰਤ ਕਰਨੀ, ਜਿਸ ਨਾਲ ਵਿਦਿਆਰਥੀ ਜਾਂ ਕਿਸੇ ਵੱਡੇ ਨੂੰ ਸਰੀਰਕ ਨੁਕਸਾਨ ਪਹੁੰਚਣ ਦੀ ਸੰਭਾਵਨਾ ਹੁੰਦੀ ਹੈ। ਜੇ ਪ੍ਰਿੰਸੀਪਲ/ਡਿਜ਼ਾਈਨੀ ਇਸ ਨੂੰ ਕਾਫ਼ੀ ਗੰਭੀਰ ਮੰਨਦੇ ਹਨ, ਤਾਂ ਇਸ ਨੂੰ ਪੱਧਰ 2 ਦੀ ਉਲੰਘਣਾ ਮੰਨਿਆ ਜਾ ਸਕਦਾ ਹੈ। | ● | ● | | |

# ਵਿਹਾਰ ਸਬੰਧੀ ਉਲੰਘਣਾਵਾਂ

| ਅਢੁਕਵਾਂ ਜਾਂ ਨੁਕਸਾਨਦੇਹ ਵਿਹਾਰ | ਪੱਧਰ 1 | ਪੱਧਰ 2 | ਪੱਧਰ 3 | ਪੱਧਰ 4 |
|---|---|---|---|---|
| **ਅਸ਼ਲੀਲ ਸਾਹਿਤ** | | | | |
| ਅਜਿਹੀਆਂ ਸਮਗ੍ਰੀਆਂ ਰੱਖਣੀਆਂ, ਜਿਹਨਾਂ ਨੂੰ ਸਪਸ਼ਟ ਤੌਰ 'ਤੇ ਅਸ਼ਲੀਲ ਸਾਹਿਤ ਜਾਂ ਅਸ਼ਲੀਲ ਅਤੇ/ਜਾਂ ਜਿਨਸੀ ਮੰਨਿਆ ਜਾਂਦਾ ਹੈ, ਇਸ ਵਿਚ ਕਿਸੇ ਵੀ ਇਲੈਕਟ੍ਰੌਨਿਕ ਉਪਕਰਣ 'ਤੇ ਤਸਵੀਰਾਂ/ਲਿਖਤੀ ਸੁਨੇਹੇ ਸ਼ਾਮਿਲ ਹੁੰਦੇ ਹਨ। **ਇਸ ਗੱਲ ਨੂੰ ਧਿਆਨ ਵਿਚ ਰਖੇ ਬਿਨਾ ਕਿ ਮਜ਼ਮੂਨ ਦਾ ਮੂਲ ਕਿੱਥੇ ਹੈ, ਵਿਦਿਆਰਥੀਆਂ ਦੇ ਫੋਨ 'ਤੇ ਮਿਲਣ ਵਾਲੇ ਸਾਰੇ ਮਜ਼ਮੂਨ ਲਈ ਉਹ ਜ਼ਿੰਮੇਵਾਰ ਹਨ।** ਮਜ਼ਮੂਨ ਦੀ ਕਿਸਮ ਦੇ ਆਧਾਰ ਤੇ ਪੱਧਰ 3 ਦਾ ਜੁਰਮ ਮੰਨਿਆ ਜਾ ਸਕਦਾ ਹੈ। | | • | • | |
| **ਸ਼ਰਾਬ ਹੋਣੀ, ਪੀਣੀ ਜਾਂ ਨਸ਼ੇ ਹੇਠ ਹੋਣਾ** | | | | |
| ਸ਼ਰਾਬ, "ਬਿਨਾ ਸ਼ਰਾਬ ਵਾਲੇ" ਸੰਤਰੇ ਦੇ ਪੇਯ-ਪਦਾਰਥ, ਨਾਜਾਇਜ਼ ਨਸ਼ੀਲੀਆਂ ਦਵਾਈਆਂ, ਬਿਨਾ ਪਰਚੀ ਦੇ ਕਾਨੂੰਨੀ ਸਿੰਥੈਟਿਕ ਨਸ਼ੀਲੇ-ਪਦਾਰਥ, ਜਿਹਨਾਂ ਕਰਕੇ ਵਿਗਾੜ ਹੁੰਦਾ ਹੈ, ਪਰਚੀ 'ਤੇ ਲਿਖੀਆਂ ਨਸ਼ੀਲੀਆਂ ਦਵਾਈਆਂ ਜਾਂ ਕੰਟਰੋਲਸ਼ੁਦਾ ਨਸ਼ੀਲੇ-ਪਦਾਰਥ; ਜਾਂ ਸ਼ਰਾਬ ਦੀ ਨੁਮਾਇੰਦਗੀ ਕਰਨ ਵਾਲੇ ਨਸ਼ੀਲੇ ਪਦਾਰਥ, "ਬਿਨਾ ਸ਼ਰਾਬ ਵਾਲੇ" ਸੰਤਰੇ ਦੇ ਪੇਯ-ਪਦਾਰਥ, ਨਾਜਾਇਜ਼ ਦਵਾਈਆਂ, ਬਿਨਾ ਪਰਚੀ ਦੇ ਕਾਨੂੰਨੀ ਸਿੰਥੈਟਿਕ ਨਸ਼ੀਲੇ-ਪਦਾਰਥ, ਜਿਹਨਾਂ ਕਰਕੇ ਵਿਗਾੜ ਹੁੰਦਾ ਹੈ, ਪਰਚੀ 'ਤੇ ਲਿਖੀਆਂ ਗਈਆਂ ਨਸ਼ੀਲੀਆਂ ਦਵਾਈਆਂ ਜਾਂ ਕੰਟਰੋਲਸ਼ੁਦਾ ਨਸ਼ੀਲੇ-ਪਦਾਰਥ; ਜਾਂ ਨਸ਼ੀਲੀ ਦਵਾਈ ਦਾ ਸਮਾਨ ਮਿਲਣਾ (ਜਿਵੇਂ ਸਕੇਲ, ਪਾਈਪ) ਜਾਂ ਨਾਜਾਇਜ਼ ਜਾਂ ਕੰਟਰੋਲਸ਼ੁਦਾ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਲਈ ਨਸ਼ੀਲੀ ਦਵਾਈ ਦੇ ਸਮਾਨ ਦੀ ਨੁਮਾਇੰਦਗੀ ਕਰਨ ਵਾਲੀਆਂ ਵਸਤਾਂ (ਵਿਦਿਆਰਥੀ ਬਾਰੇ ਸ਼ਰਾਬ/ਨਸ਼ੀਲੀਆਂ ਦਵਾਈਆਂ ਸਬੰਧੀ ਕੋਡ ਵੇਖੋ)। **ਸਕੂਲ ਦੇ ਪ੍ਰਸ਼ਾਸਨ ਵਲੋਂ ਕਾਨੂੰਨ ਲਾਗੂ ਕਰਨ ਲਈ ਰੈਫ਼ਰਲ ਦਿੱਤਾ ਜਾਏਗਾ।** | | | • | |
| **ਚੋਰੀ ਦਾ ਸਮਾਨ ਰੱਖਣਾ** | | | | |
| $100.00 ਤੋਂ ਘੱਟ ਮੁੱਲ ਦਾ ਚੋਰੀ ਦਾ ਸਮਾਨ ਰੱਖਣਾ, ਪੱਧਰ 1 ਦਾ ਜੁਰਮ ਹੈ ਅਤੇ $100.00 ਅਤੇ ਵੱਧ ਦੇ ਮੁੱਲ ਦਾ ਸਮਾਨ, ਪੱਧਰ 2 ਦਾ ਜੁਰਮ ਹੈ। | • | • | | |
| **ਰਿਕਾੱਰਡ/ਦਸਤਾਵੇਜ਼/ਡਿਸਟ੍ਰਿਕਟ ਦੀਆਂ ਫ਼ਾਈਲਾਂ ਰੱਖਣੀਆਂ** | | | | |
| ਸਕੂਲ/ਵਿਦਿਆਰਥੀ ਦੇ ਰਿਕਾੱਰਡ ਜਾਂ ਦਸਤਾਵੇਜ਼ਾਂ ਦੀ ਚੋਰੀ ਅਤੇ/ਜਾਂ ਤਬਦੀਲੀ ਕਰਨੀ (ਇਸ ਵਿਚ ਗ੍ਰੇਡ ਬੁੱਕਾਂ, ਰਿਪੋਰਟ ਕਾਰਡ, ਕੰਪਿਊਟਰ, ਸਾਫਟਵੇਅਰ ਜਾਂ ਹਾਰਡ ਡ੍ਰਾਈਵ, ਜ਼ਿਲ੍ਹਾ ਨੈਟਵਰਕ, ਕੰਪਿਊਟਰ ਦੇ ਰਿਕਾੱਰਡ, ਪਾਸਵਰਡ ਆਦਿ ਦੀ ਇਲੈਕਟ੍ਰੌਨਿਕ ਤੌਰ 'ਤੇ ਹੈਕਿੰਗ ਕਰਨੀ ਅਤੇ ਡਾਊਨਲੋਡ ਕਰਨਾ, ਸ਼ਾਮਿਲ ਹੁੰਦਾ ਹੈ, ਪਰ ਇਹਨਾਂ ਤੱਕ ਸੀਮਤ ਨਹੀਂ ਹੈ)। | | | • | |
| **ਫ਼ਸਾਦ ਕਰਨ ਵਾਲੀ ਸਰਗਰਮੀ** | | | | |
| ਲੜਾਈ ਜਾਂ ਕਿਸੇ ਕਾਰਵਾਈ ਵਿਚ 2 ਤੋਂ ਵੱਧ ਵਿਦਿਆਰਥੀ ਸ਼ਾਮਿਲ ਹੁੰਦੇ ਹਨ, ਜੋ ਲੜਾਈ ਦੀ ਨੁਮਾਇੰਦਗੀ ਕਰਦੇ ਹਨ ਜਾਂ ਲੜਾਈ ਦਾ ਕਾਰਣ ਬਣਦੇ ਹਨ। | | | • | |
| **ਨੇਮਾਂ ਦੀ ਉਲੰਘਣਾ** | | | | |
| ਕੈਫ਼ੇਟੇਰੀਆ, ਖੇਡ ਦੇ ਮੈਦਾਨ, ਲੰਚਰੂਮ, ਹਾੱਲਵੇਅ ਦੇ ਨੇਮਾਂ, ਇਕ-ਦੂਜੇ ਵਿਚ ਦੂਰੀ ਬਣਾਈ ਰੱਖਣ ਦੇ ਨੇਮਾਂ ਦੀ ਪਾਲਣਾ ਨਾ ਕਰਨੀ ਅਤੇ ਸਕੂਲ ਦੇ ਪ੍ਰੋਗਰਾਮ ਦੀਆਂ ਉਲੰਘਣਾਵਾਂ। | • | | | |
| **ਵੇਚਣੀ, ਸਾਂਝੀ ਕਰਨੀ ਜਾਂ ਵੰਡਣੀ** | | | | |
| ਸ਼ਰਾਬ, "ਬਿਨਾ ਸ਼ਰਾਬ ਵਾਲੇ" ਸੰਤਰੇ ਦੇ ਪੇਯ-ਪਦਾਰਥ, ਨਾਜਾਇਜ਼ ਦਵਾਈਆਂ, ਬਿਨਾ ਪਰਚੀ ਦੇ ਕਾਨੂੰਨੀ ਸਿੰਥੈਟਿਕ ਨਸ਼ੀਲੇ-ਪਦਾਰਥ, ਜਿਹਨਾਂ ਕਰਕੇ ਵਿਗਾੜ ਹੁੰਦਾ ਹੈ, ਕੰਟਰੋਲਸ਼ੁਦਾ ਨਸ਼ੀਲੇ-ਪਦਾਰਥ, ਪਰਚੀ 'ਤੇ ਲਿਖੀਆਂ ਗਈਆਂ ਦਵਾਈਆਂ ਜਾਂ ਵਿਕਰੇਤਾ ਵਲੋਂ ਉਪਰ ਦਿੱਤੇ ਗਏ ਨਸ਼ੀਲੇ ਪਦਾਰਥਾਂ ਵਿਚੋਂ ਕਿਸੇ ਇਕ ਦੀ ਨੁਮਾਇੰਦਗੀ ਕੀਤੀ<br>ਜਾਂਦੀ (ਵਿਦਿਆਰਥੀ ਬਾਰੇ ਸ਼ਰਾਬ/ਨਸ਼ੀਲੀ ਦਵਾਈ ਦੀ ਕੁਵਰਤੋਂ ਬਾਰੇ ਕੋਡ ਵੇਖੋ) ਹੈ। **ਸਕੂਲ ਦੇ ਪ੍ਰਸ਼ਾਸਨ ਵਲੋਂ ਕਾਨੂੰਨ ਲਾਗੂ ਕਰਨ ਲਈ ਰੈਫ਼ਰਲ ਦਿੱਤਾ ਜਾਏਗਾ।** | | •<br>ਐਲੀਮੈਂਟਰੀ | • | |
| **ਜਿਨਸੀ ਦੁਰਵਿਹਾਰ** | | | | |
| ਜ਼ਬਰੀ, ਜਾਣ-ਬੁਝਕੇ ਜਾਂ ਸਹਿਮਤੀ ਨਾਲ ਆਪਣੇ ਆਪ ਜਾਂ ਦੂਜੇ ਸ਼ਖ਼ਸ ਦੇ ਸਰੀਰ ਨੂੰ ਛੂਹਣਾ ਅਤੇ/ਜਾਂ ਇਸ ਢੰਗ ਨਾਲ ਕਪੜੇ ਪਾਉਣੇ, ਜਿਸ ਨਾਲ ਜਿਨਸੀ ਛੋਹ ਨਜ਼ਰ ਆਉਂਦੀ ਹੈ ਜਾਂ ਹੁੰਦੀ ਹੈ; ਇਸ ਵਿਚ ਇਲੈਕਟ੍ਰੌਨਿਕ "ਸੈਕਸਟਿੰਗ" ਸ਼ਾਮਿਲ ਹੁੰਦੀ ਹੈ। | | • | | |
| **ਜਿਨਸੀ ਤੌਰ 'ਤੇ ਤੰਗ-ਪਰੇਸ਼ਾਨ ਕਰਨਾ ਅਤੇ/ਜਾਂ ਤੰਗ-ਪਰੇਸ਼ਾਨ ਜਾਂ ਪੱਖਪਾਤ ਕਰਨ** | | | | |
| ਬੰਸ, ਰੰਗ, ਸੈਕਸ, ਰਾਸ਼ਟਰੀ ਮੂਲ, ਨਸਲੀ ਮੂਲ, ਅਸਮਰੱਥਾ (ਅਪਾਹਜ), ਧਰਮ, ਜਿਨਸੀ ਰੁਝਾਨ ਜਾਂ ਕਥਿਤ ਜਿਨਸੀ ਰੁਝਾਨ ਜਾਂ ਸਟੇਟ ਜਾਂ ਫ਼ੈਡਰਲ ਕਾਨੂੰਨ ਵਲੋਂ ਸੁਰੱਖਿਅਤ ਕਿਸੇ ਹੋਰ ਖ਼ੂਬੀਆਂ ਦੇ ਅਧਾਰ 'ਤੇ  ਜਿਨਸੀ ਤੌਰ 'ਤੇ ਤੰਗ-ਪਰੇਸ਼ਾਨ ਕੀਤੇ ਜਾਣ ਦੀ ਨਾਪਸੰਦ ਜਿਨਸੀ ਖੁੱਲ੍ਹ, ਜਿਨਸੀ ਖੁੱਲ੍ਹ ਲਈ ਬੇਨਤੀਆਂ ਜਾਂ ਜਿਨਸੀ ਕਿਸਮ ਦੀ ਹੋਰ ਜ਼ਬਾਨੀ ਜਾਂ ਸਰੀਰਕ ਛੋਹ ਦੇ ਤੌਰ 'ਤੇ ਪਰਿਭਾਸ਼ਤ ਕੀਤਾ ਗਿਆ ਹੈ। ਇਸ ਵਿਚ ਜ਼ਬਾਨੀ ਟਿੱਪਣੀਆਂ, ਜਿਨਸੀ ਨਾਂ ਨਾਲ ਬੁਲਾਉਣਾ, ਇਸ਼ਾਰੇ ਕਰਨੇ, ਚੁਟਕੁਲੇ ਸੁਣਾਉਣੇ, ਇਲਜ਼ਾਮ ਲਾਉਣੇ, ਜਿਨਸੀ ਰੁਝਾਨ ਵਾਲੀਆਂ ਫੋਟੋਆਂ ਜਾਂ ਚਿੱਠੀਆਂ ਅਤੇ ਜਿਨਸੀ ਕਿਸਮ ਦੀਆਂ ਅਫ਼ਵਾਹਾਂ ਫੈਲਾਉਣਾ ਸ਼ਾਮਿਲ ਹੁੰਦਾ ਹੈ। ਜਿਨਸੀ ਤੌਰ 'ਤੇ ਤੰਗ-ਪਰੇਸ਼ਾਨ ਕੀਤੇ ਜਾਣ ਕਰਕੇ ਟਾਈਟਲ IX ਰੈਫ਼ਰਲ ਬਿਲਡਿੰਗ ਪਾਲਣਾ ਅਫ਼ਸਰ ਨੂੰ ਭੇਜਿਆ ਜਾਏਗਾ।  ਜੇ ਪ੍ਰਿੰਸੀਪਲ/ਡਿਜ਼ਾਈਨੀ ਇਸ ਨੂੰ ਕਾਫ਼ੀ ਗੰਭੀਰ ਮੰਨਦੇ ਹਨ, ਤਾਂ ਇਸ ਨੂੰ ਪੱਧਰ 3 ਦੀ ਉਲੰਘਣਾ ਮੰਨਿਆ ਜਾ ਸਕਦਾ ਹੈ। | •<br>ਐਲੀਮੈਂਟਰੀ | • | • | |

# ਵਿਹਾਰ ਸਬੰਧੀ ਉਲੰਘਣਾਵਾਂ

| ਅਢੁਕਵਾਂ ਜਾਂ ਨੁਕਸਾਨਦੇਹ ਵਿਹਾਰ | ਪੱਧਰ 1 | ਪੱਧਰ 2 | ਪੱਧਰ 3 | ਪੱਧਰ 4 |
|---|---|---|---|---|
| **ਤਕਨਾਲੋਜੀ/ਨੈਟਵਰਕ ਦੀ ਦੁਰਵਰਤੋਂ** | | | | |
| ਡਿਸਟ੍ਰਿਕਟ ਦੀ ਤਕਨਾਲੋਜੀ/ਨੈਟਵਰਕ ਦੀ ਅਢੁਕਵੀਂ ਦੁਰਵਰਤੋਂ। ਡਿਸਟ੍ਰਿਕਟ ਦੀਆਂ "ਵਰਤੋਂ ਦੀਆਂ ਢੁਕਵੀਆਂ ਸੇਧਾਂ " ਦੀ ਉਲੰਘਣਾ। ਵਰਚੁਅਲ ਸੈਟਿੰਗ ਵਿਚ ਪੜ੍ਹਾਈ-ਲਿਖਾਈ ਵਿਚ ਮਦਦ ਲਈ ਜਾਰੀ ਕੀਤੀ ਗਈ ਡਿਸਟ੍ਰਿਕਟ ਦੀ ਤਕਨਾਲੋਜੀ ਦੀ ਵਿਦਿਆਰਥੀ ਵਲੋਂ ਇਸਦੀ ਦੁਰਵਰਤੋਂ ਕਰਨ ਬਦਲੇ, ਉਸ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕਦੀ ਹੈ। ਜੇ ਪ੍ਰਿੰਸੀਪਲ/ਡਿਜ਼ਾਈਨੀ ਇਸ ਨੂੰ ਕਾਫ਼ੀ ਗੰਭੀਰ ਮੰਨਦੇ ਹਨ, ਤਾਂ ਇਸ ਨੂੰ ਪੱਧਰ 3 ਜਾਂ 4 ਦੀ ਉਲੰਘਣਾ ਮੰਨਿਆ ਜਾ ਸਕਦਾ ਹੈ। | • | • | • | • |
| **ਪੈਸੇ ਜਾਂ ਸਮਾਨ ਦੀ ਚੋਰੀ (ਸਰਕਾਰੀ ਜਾਂ ਨਿਜੀ)** | | | | |
| $100.00 ਤੋਂ ਘੱਟ ਮੁੱਲ ਦੇ ਪੈਸੇ ਜਾਂ ਸਮਾਨ ਦੀ ਚੋਰੀ, ਪੱਧਰ 1 ਦਾ ਜੁਰਮ ਹੈ। $100.00 ਜਾਂ ਵੱਧ ਮੁੱਲ ਦੇ ਪੈਸੇ ਜਾਂ ਸਮਾਨ ਦੀ ਚੋਰੀ ਪੱਧਰ 2 ਦਾ ਜੁਰਮ ਹੈ। **ਕਾਨੂੰਨ ਲਾਗੂ ਕਰਨ ਲਈ ਚੋਰੀ ਕਰਨ ਦਾ ਰੈਫ਼ਰਲ ਦਿੱਤਾ ਜਾ ਸਕਦਾ ਹੈ।** | • | • | | |
| **10 ਜਾਂ ਵੱਧ ਲੋਕਾਂ ਨੂੰ ਧਮਕੀ ਦੇਣੀ** | | | | |
| ਪਰਿਭਾਸ਼ਾ ਰਾਹੀਂ ਦਹਿਸ਼ਤਗਰਦੀ ਸਬੰਧੀ ਖ਼ਤਰਾ (ਪਰਿਭਾਸ਼ਕ ਸਬਦਾਵਲੀ ਵੇਖੋ)। **ਸਕੂਲ ਦੇ ਪ੍ਰਸ਼ਾਸਨ ਵਲੋਂ ਕਾਨੂੰਨ ਲਾਗੂ ਕਰਨ ਲਈ ਰੈਫ਼ਰਲ ਦਿੱਤਾ ਜਾਏਗਾ।** | | | •<br>ਐਲੀਮੈਂਟਰੀ | • |
| **ਧਮਕਾਉਣਾ/ਦੂਜੇ ਵਿਅਕਤੀ ਦੀ ਜ਼ਿੰਦਗੀ ਲਈ ਖ਼ਤਰਾ** | | | | |
| ਬਾਲਗ਼ ਜਾਂ ਵਿਦਿਆਰਥੀ ਨੂੰ ਜ਼ਬਾਨੀ ਜਾਂ ਸਰੀਰਕ ਤੌਰ 'ਤੇ ਧਮਕਾਉਣਾ। ਸੰਦਰਭ ਦੇ ਅਧਾਰ 'ਤੇ ਅਨੁਸ਼ਾਸਨ ਦੇ ਪੱਧਰ ਦਾ ਨਿਰਣਾ ਕੀਤਾ ਜਾਏਗਾ। ਜਜ਼ਬਾਤੀ ਟਿੱਪਣੀ ਨਾਲ ਉਸ ਢੰਗ ਨਾਲ ਨਹੀਂ ਨਜਿੱਠਿਆ ਜਾਏਗਾ, ਜਿਵੇਂ ਯੋਜਨਾਬੱਧ, ਲਿਖਤੀ ਧਮਕੀ ਨਾਲ ਨਜਿੱਠਿਆ ਜਾਂਦਾ ਹੈ। ਜੇ ਪ੍ਰਿੰਸੀਪਲ/ਡਿਜ਼ਾਈਨੀ ਇਸ ਨੂੰ ਕਾਫ਼ੀ ਗੰਭੀਰ ਮੰਨਦੇ ਹਨ, ਤਾਂ ਇਸ ਨੂੰ ਪੱਧਰ 4 ਤੱਕ ਦੀ ਉਲੰਘਣਾ ਮੰਨਿਆ ਜਾ ਸਕਦਾ ਹੈ। ਸਕੂਲ ਦੇ ਪ੍ਰਸ਼ਾਸਨ ਵਲੋਂ ਕਾਨੂੰਨ ਲਾਗੂ ਕਰਨ ਲਈ ਰੈਫ਼ਰਲ ਦਿੱਤਾ ਜਾਏਗਾ। | | •<br>ਐਲੀਮੈਂਟਰੀ | • | • |
| **ਤਮਾਖੂ ਦੇ ਉਤਪਾਦ/ਤਮਾਖੂਨੋਸ਼ੀ/ਵੇਪਿੰਗ** | | | | |
| ਸਕੂਲ ਦੇ ਸਮਿਆਂ ਤੋਂ ਪਹਿਲਾਂ, ਦੌਰਾਨ ਜਾਂ ਬਾਅਦ ਵਿਚ ਸਕੂਲ ਦੀ ਕਿਸੇ ਵੀ ਸੰਪਤੀ ਵਿਚ ਤਮਾਖੂ ਦੇ ਕਿਸੇ ਵੀ ਉਤਪਾਦ ਨੂੰ ਰੱਖਣਾ, ਤਮਾਖੂਨੋਸ਼ੀ ਕਰਨੀ ਜਾਂ ਇਸਦੀ ਵਰਤੋਂ ਕਰਨੀ, ਇਸ ਵਿਚ ਵੇਪਿੰਗ ਦੇ ਉਪਕਰਣ, ਇਲੈਕਟ੍ਰੌਨਿਕ ਸਿਗਰੇਟਾਂ, 'ਤੇਲ, ਹੁੱਕਾ-ਪਾਈਪ, ਮਾਚਿਸਾਂ, ਪੇਪਰ, ਲਾਈਟਰ ਆਦਿ ਸ਼ਾਮਿਲ ਹੁੰਦੇ ਹਨ। ਵੇਪਰ ਅਤੇ ਇਲੈਕਟ੍ਰੌਨਿਕ ਸਿਗਰੇਟਾਂ ਸਮੇਤ ਤਮਾਖੂ ਦੇ ਉਤਪਾਦਾਂ ਦਾ ਫ਼ੌਰਨ ਨਿਪਟਾਰਾ ਕੀਤਾ ਜਾਏਗਾ। **ਕਾਨੂੰਨ ਲਾਗੂ ਕਰਨ ਵਾਲੇ ਨਾਬਾਲਗ਼ ਤੋਂ ਮਿਲਣ ਵਾਲੇ ਅਜਿਹੇ ਉਪਕਰਣਾਂ ਦਾ ਵੇਰਵਾ ਲਿਖ ਸਕਦੇ ਹਨ।** | | • | | |
| **ਸਕੂਲ ਅਤੇ/ਜਾਂ ਡਿਸਟ੍ਰਿਕਟ ਦੀ ਸੰਪਤੀ ਵਿਚ ਬਿਨਾ ਘੁਸਪੈਠ ਕਰਨੀ** | | | | |
| ਮੁਅੱਤਲੀ ਦੇ ਸਮੇਂ ਜਾਂ ਜਦੋਂ ਸਕੂਲ ਬੰਦ ਹੈ ਜਾਂ ਸਰਗਰਮੀਆਂ ਨਹੀਂ ਹੋ ਰਹੀਆਂ, ਉਸ ਸਮੇਂ ਸਕੂਲ ਦੇ ਮੈਦਾਨਾਂ 'ਤੇ ਮੌਜੂਦ ਹੋਣਾ। | | | • | |
| **ਬਿਨਾ ਦੱਸਿਆਂ ਇਧਰ-ਉਧਰ ਹੋਣਾ** | | | | |
| ਕਲਾਸ, ਲੰਚ, ਲਾਜ਼ਮੀ ਅਕਾਦਮਿਕ ਸਾਲਸੀ ਜਾਂ ਸਕੂਲ ਵਾਲੇ ਦਿਨ ਬਿਨਾ ਆਗਿਆ ਦੇ ਗ਼ੈਰਹਾਜ਼ਰ ਰਹਿਣਾ; ਇਸ ਵਿਚ ਬਿਨਾ ਮੰਜ਼ੂਰੀ ਸਕੂਲ ਦੇ ਮੈਦਾਨਾਂ ਤੋਂ ਚਲੇ ਜਾਣਾ ਜਾਂ ਮਾਤਾ-ਪਿਤਾ ਦਾ ਰੁੱਕਾ (ਨੋਟ) ਨਾ ਦੇਣਾ ਜਾਂ ਗ਼ੈਰਹਾਜ਼ਰੀ ਬਾਰੇ ਮਾਤਾ-ਪਿਤਾ ਤੋਂ ਫੋਨ ਕਾੱਲ ਰਾਹੀਂ ਪੁਸ਼ਟੀ ਨਾ ਕਰਾਉਣਾ ਸ਼ਾਮਿਲ ਹੁੰਦਾ ਹੈ। | • | | | |
| **ਗੁੰਡਾਗਰਦੀ** | | | | |
| ਨਾਬਾਲਗ਼, ਜੋ ਸਾਫ਼-ਸਫ਼ਾਈ ਲਈ ਵਾਧੂ ਕਸਟੋਡੀਅਲ ਸਮਾਂ ਚਾਹੁੰਦਾ ਹੈ, ਬਹਾਲ ਕੀਤੇ ਜਾਣ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ; ਸਟਾਫ਼, ਵਿਦਿਆਰਥੀਆਂ ਜਾਂ ਡਿਸਟ੍ਰਿਕਟ ਦੇ ਸਮਾਨ ਨੂੰ ਜਾਣ-ਬੁਝਕੇ ਨੁਕਸਾਨ ਪਹੁੰਚਾਉਣਾ ਜਾਂ ਸਮਾਨ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨੀ (ਬਹਾਲ ਕਰਨ ਦੀ ਲੋੜ ਹੋਵੇਗੀ )। ਵਿਦਿਆਰਥੀ ਨਾਲ ਸ਼ਰਾਰਤ ਕਰਨੀ, ਇਸ ਉਲੰਘਣਾ ਹੇਠ ਆ ਸਕਦੀ ਹੈ। ਜੇ ਬਿਲਡਿੰਗ ਪ੍ਰਸ਼ਾਸਕ ਇਸ ਨੂੰ ਕਾਫ਼ੀ ਗੰਭੀਰ ਮੰਨਦਾ ਹੈ, ਤਾਂ ਇਸ ਨੂੰ ਪੱਧਰ 3 ਦੀ ਉਲੰਘਣਾ ਮੰਨਿਆ ਜਾ ਸਕਦਾ ਹੈ। | • | • | | |
| **ਹਿੰਸਕ ਕਾਰਵਾਈ** | | | | |
| ਵਿਦਿਆਰਥੀ ਜਾਂ ਸਟਾਫ਼ ਦੇ ਮੈਂਬਰ ਨੂੰ ***ਮਾਰਣ ਦੀ ਕੋਸ਼ਿਸ਼ ਕਰਨੀ ਜਾਂ ਗੰਭੀਰ ਸਰੀਰਕ ਸੱਟ-ਫੇਟ ਦਾ ਕਾਰਣ ਬਣਨਾ***—ਗੰਭੀਰ ਸਰੀਰਕ ਸੱਟ-ਫੇਟ ਪਹੁੰਚਾਉਣ ਦੇ ਇਰਾਦੇ ਨਾਲ ਵਿਦਿਆਰਥੀ ਵਲੋਂ ਸਰੀਰਕ ਤਾਕਤ ਲਾਉਣ ਦੀ ਕੋਸ਼ਿਸ਼ ਕਰਨੀ। **ਸਕੂਲ ਦੇ ਪ੍ਰਸ਼ਾਸਨ ਵਲੋਂ ਕਾਨੂੰਨ ਲਾਗੂ ਕਰਨ ਲਈ ਰੈਫ਼ਰਲ ਦਿੱਤਾ ਜਾਏਗਾ।** | | | •<br>ਐਲੀਮੈਂਟਰੀ | • |
| **ਹਥਿਆਰ/ਅਸਲਾ ਰੱਖਣਾ** | | | | |
| ਹਥਿਆਰ ਰੱਖਣਾ ਜਾਂ ਚਲਾਉਣਾ (ਪਰਿਭਾਸ਼ਕ ਸ਼ਬਦਾਵਲੀ ਵਿਚ ਹਥਿਆਰ ਦੀ ਪਰਿਭਾਸ਼ਾ)। **ਸਕੂਲ ਦੇ ਪ੍ਰਸ਼ਾਸਨ ਵਲੋਂ ਕਾਨੂੰਨ ਲਾਗੂ ਕਰਨ ਲਈ ਰੈਫ਼ਰਲ ਦਿੱਤਾ ਜਾਏਗਾ।** | | | | • |

# ਵਿਹਾਰ ਦੇ ਪੱਧਰ

| | | |
|---|---|---|
| ਪੱਧਰ 1 | **ਕਲਾਸਰੂਮ ਵਿਚ ਸਹਾਇਤਾ ਅਤੇ ਪ੍ਰਸ਼ਾਸਨੀ ਕਾਰਵਾਈ ਦੇ ਉਦਾਹਰਣ** | |
| | ਅਧਿਆਪਕ ਵਲੋਂ ਵਿਦਿਆਰਥੀ ਨਾਲ ਮੀਟਿੰਗ ਕਰਨੀ ਅਤੇ ਢੁਕਵਾਂ ਵਿਹਾਰ ਅਤੇ/ਜਾਂ ਕਲਾਸਰੂਮ ਦੇ ਨੇਮ ਫਿਰ ਤੋਂ ਸਿਖਾਉਣੇ | ਅੱਧੀ ਛੁੱਟੀ ਰੋਕਣੀ - ਅੰਸ਼ਕ/ਪੂਰੀ (ਇਸਦੀ ਵਰਤੋਂ ਸਿਰਫ਼ ਉਦੋਂ ਕੀਤੀ ਜਾਣੀ ਚਾਹੀਦੀ ਹੈ ਜਦੋਂ ਵਿਵਹਾਰ ਦੇ ਉਲੰਘਣਾ ਨੂੰ ਸੰਬੋਧਿਤ ਕਰਨ ਲਈ ਕੋਈ ਹੋਰ ਵਿਕਲਪ ਨਾ ਹੋਣ) |
| | ਉਸਾਰੂ ਪ੍ਰੈਕਟਿਸ-ਸਿਖਲਾਈ ਦੇ ਮੌਕੇ | ਲੰਚ ਵਿਚ ਸਮਰਥਨ (ਲੰਚ ਨੂੰ ਕਦੇ ਵੀ ਰੋਕਿਆ ਨਹੀਂ ਜਾਵੇਗਾ) |
| | ਵਿਹਾਰ ਸਬੰਧੀ ਮਾਤਾ-ਪਿਤਾ/ਸਰਪ੍ਰਸਤ (ਸਰਪ੍ਰਸਤਾਂ) ਲਈ ਜ਼ਬਾਨੀ/ਲਿਖਤੀ ਸੰਚਾਰ | ਅਧਿਆਪਕ/ਮਾਤਾ-ਪਿਤਾ/ਸਰਪ੍ਰਸਤ ਅਤੇ/ਜਾਂ ਪ੍ਰਿੰਸੀਪਲ ਨਾਲ ਮੀਟਿੰਗ |
| | ਤਰੱਕੀ ਬਾਰੇ ਮਾਤਾ-ਪਿਤਾ/ਸਰਪ੍ਰਸਤ (ਸਰਪ੍ਰਸਤਾਂ) ਨੂੰ ਰੋਜ/ਹਫ਼ਤਾਵਾਰੀ ਰਿਪੋਰਟਾਂ ਭੇਜਣੀਆਂ | ਰੋਜ਼ ਦੇ ਚਾਰਟ, ਅਨੁਸ਼ਾਸਨ ਸੁਧਾਰਣ ਲਈ ਪ੍ਰੈਕਟਿਸਾਂ ਵਰਗੀਆਂ ਬਦਲਵੀਆਂ ਸਾਲਸੀਆਂ ਲਾਗੂ ਕਰਨੀਆਂ |
| | ਜੇ ਢੁਕਵਾਂ ਹੈ, ਤਾਂ ਪਾਠਕ੍ਰਮ ਨੂੰ ਅਨੁਕੂਲ ਬਣਾਉਣਾ | ਵਿਸ਼ੇਸ਼ ਵਿਸ਼ੇਸ਼-ਹੱਕ ਖ਼ਾਰਜ ਕਰਨੇ |
| | ਸਕੂਲ ਤੋਂ ਬਾਅਦ ਵਿਦਿਆਰਥੀ ਨੂੰ ਰੋਕਣਾ | ਲੰਚ/ਅੱਧੀ ਛੁੱਟੀ ਦੀ ਡਿਟੈਂਸ਼ਨ |
| | ਪਹਿਲਾ ਜੁਰਮ - 3 ਦਿਨ ਤੱਕ ਦੀ ਡਿਟੈਂਸ਼ਨ ਜਾਂ ਮੁਅੱਤਲੀ | |
| | ਦੂਜਾ ਜੁਰਮ - 5 ਦਿਨ ਤੱਕ ਦੀ ਮੁਅੱਤਲੀ | |
| | ਤੀਜਾ ਅਤੇ ਬਾਅਦ ਦਾ ਜੁਰਮ - 10 ਦਿਨ ਤੱਕ ਦੀ ਮੁਅੱਤਲੀ | |
| ਪੱਧਰ 2 | **ਲੋੜੀਂਦੀ ਸਹਾਇਤਾ ਅਤੇ ਪ੍ਰਸ਼ਾਸਨੀ ਕਾਰਵਾਈ ਦੇ ਉਦਾਹਰਣ** | |
| | ਮਾਤਾ-ਪਿਤਾ/ਸਰਪ੍ਰਸਤ ਨਾਲ ਸੰਪਰਕ ਵਾਲੀ ਵਿਦਿਆਰਥੀ ਦੀ ਸ਼ਮੂਲੀਅਤ ਵਾਲੀ ਮੀਟਿੰਗ | ਸਕੂਲ ਵਿਚ ਡਿਟੈਂਸ਼ਨ – ਅੱਧੀ ਛੁੱਟੀ/ਲੰਚ ਦਾ ਵਿਸ਼ੇਸ਼-ਹੱਕ ਖੁੰਝਣਾ |
| | ਮਾਤਾ-ਪਿਤਾ/ਸਰਪ੍ਰਸਤ/ਅਧਿਆਪਕ/ਵਿਦਿਆਰਥੀ/ਪ੍ਰਸ਼ਾਸਕ ਦੀ ਮੀਟਿੰਗ | ਬਹਾਲੀ ਅਤੇ/ਜਾਂ ਸੁਧਾਰਣ ਲਈ ਪ੍ਰੈਕਟਿਸਾਂ ਬਾਰੇ ਮੀਟਿੰਗ/ਮੌਕੇ |
| | ਸਕੂਲ ਤੋਂ ਬਾਅਦ ਡਿਟੈਂਸ਼ਨ | 180 ਦਿਨ ਤੱਕ ਦੀ ਸਕੂਲ ਤੋਂ ਬਾਹਰ ਦੀ ਮੁਅੱਤਲੀ ਦੇ ਸੰਭਵ ਵਾਧੂ ਦਿਨਾਂ ਬਾਰੇ ਵਿਹਾਰ ਬਾਰੇ ਕਮੇਟੀ ਦੀ ਸੁਣਵਾਈ ਲਈ ਰੈਫ਼ਰਲ |
| | ਦੱਸ (10) ਦਿਨ ਤੱਕ ਲਈ ਸਕੂਲ ਵਿਚ ਜਾਂ ਸਕੂਲ ਤੋਂ ਬਾਹਰ ਦੀ ਮੁਅੱਤਲੀ | ਸਕੂਲ ਤੋਂ ਕੱਢਣਾ |
| | ਪਹਿਲਾ ਜੁਰਮ - 10 ਦਿਨ ਤੱਕ ਦੀ ਮੁਅੱਤਲੀ | |
| | ਦੂਜਾ ਜੁਰਮ - 180 ਦਿਨ ਤੱਕ ਦੀ ਮੁਅੱਤਲੀ | |
| ਪੱਧਰ 3 | **ਮੁਅੱਤਲੀ ਅਤੇ ਰੈਫ਼ਰਲ** | |
| | ਸਕੂਲ ਵਿਚ ਮੁਅੱਤਲੀ | |
| | 180 ਦਿਨ ਤੱਕ ਲਈ ਸਕੂਲ ਤੋਂ ਬਾਹਰ ਦੀ ਮੁਅੱਤਲੀ | |
| | ਵੱਖਰੇ ਸਕੂਲ ਵਿਚ ਬਦਲਵੇਂ ਸਾਲਸੀ ਪ੍ਰੋਗਰਾਮ ਬਾਰੇ ਪਲੇਸਮੈਂਟ | |
| | 180 ਦਿਨ ਤੱਕ ਦੀ ਸਕੂਲ ਤੋਂ ਬਾਹਰ ਦੀ ਮੁਅੱਤਲੀ ਦੇ ਸੰਭਵ ਵਾਧੂ ਦਿਨਾਂ ਨਾਲ ਵਿਹਾਰ ਬਾਰੇ ਕਮੇਟੀ ਦੀ ਸੁਣਵਾਈ ਲਈ ਰੈਫ਼ਰਲ | |
| | ਸਕੂਲ ਤੋਂ ਕੱਢਣਾ | |
| | ਬਾਅਦ ਵਾਲਾ ਕੋਈ ਵੀ ਪੱਧਰ 3 ਦਾ ਜੁਰਮ - ਸਕੂਲ ਤੋਂ ਕੱਢਿਆ ਜਾ ਸਕਦਾ ਹੈ | |
| ਪੱਧਰ 4 | **ਵਧਾਈ ਗਈ ਮੁਅੱਤਲੀ ਅਤੇ ਰੈਫ਼ਰਲ** | |
| | ਸਕੂਲ ਵਿਚ ਮੁਅੱਤਲੀ | 180 ਦਿਨ ਤੱਕ ਦੀ ਸਕੂਲ ਤੋਂ ਬਾਹਰ ਦੀ ਮੁਅੱਤਲੀ ਦੇ ਸੰਭਵ ਵਾਧੂ ਦਿਨਾਂ ਬਾਰੇ ਵਿਹਾਰ ਬਾਰੇ ਕਮੇਟੀ ਦੀ ਸੁਣਵਾਈ ਲਈ ਰੈਫ਼ਰਲ |
| | ਸਕੂਲ ਤੋਂ ਬਾਹਰ ਦੀ ਮੁਅੱਤਲੀ | |
| | ਸਕੂਲ ਤੋਂ ਕੱਢਣਾ | |
| | ਹਥਿਆਰਾਂ ਸਬੰਧੀ ਉਲੰਘਣਾ — ਮਿਸੂਰੀ ਅਨੁਸਾਰ ਕੀਤੇ ਗਏ ਨਿਰਣੇ ਨਾਲ ਇਕ ਸਾਲ ਤੋਂ ਘੱਟ ਦੀ ਮੁਅੱਤਲੀ (365 ਕੈਲੰਡਰ ਦਿਨ) ਜਾਂ ਸਕੂਲ ਤੋਂ ਕੱਢਣਾ। ਸੋਧ ਕੀਤੀ ਗਈ § 160.261 | |

# ਵਿਦਿਆਰਥੀ ਬਾਰੇ ਸ਼ਰਾਬ ਅਤੇ ਨਸ਼ੀਲੀਆਂ ਦਵਾਈਆਂ ਸਬੰਧੀ ਕੋਡ



ਸਿੱਖਿਆ ਬੋਰਡ, ਫ੍ਰਾਂਸਿਸ ਹੌਵੈਲ ਸਕੂਲ ਡਿਸਟ੍ਰਿਕਟ ਵਿਚ ਪੜ੍ਹਣ ਲਈ ਆਉਣ ਵਾਲੇ ਵਿਦਿਆਰਥੀਆਂ ਦੀ ਸਿਹਤ, ਭਲਾਈ ਅਤੇ ਸੁਰੱਖਿਆ ਲਈ ਜ਼ਿੰਮੇਵਾਰੀ ਦੇ ਆਪਣੇ ਹਿੱਸੇ ਨੂੰ ਮਾਣਤਾ ਦਿੰਦਾ ਹੈ। ਇਸ ਲਈ, ਸਕੂਲ ਦੀ ਸੰਪਤੀ 'ਤੇ, ਸਕੂਲ ਵਲੋਂ ਸਪਾਂਸਰ ਕੀਤੀਆਂ ਗਈਆਂ ਸਰਗਰਮੀਆਂ ਜਾਂ ਪ੍ਰੋਗਰਾਮਾਂ ਜਾਂ ਫ਼ੀਲਡ ਟ੍ਰਿਪਾਂ 'ਤੇ ਜਾਂ ਡਿਸਟ੍ਰਿਕਟ ਲਈ ਵਿਦਿਆਰਥੀਆਂ ਨੂੰ ਲਿਜਾਣ ਲਈ ਇਸਤੇਮਾਲ ਕੀਤੀ ਜਾਂਦੀ ਕਿਸੇ ਵੀ ਗੱਡੀ ਵਿਚ ਸ਼ਰਾਬ ਜਾਂ ਨਸ਼ੀਲੀਆਂ ਦਵਾਈਆਂ ਦੀ ਵਰਤੋਂ ਕਰਨ, ਵੇਚਣ, ਟ੍ਰਾਂਸਫ਼ਰ ਕਰਨ ਜਾਂ ਇਸਦੇ ਅਸਰ ਹੇਠ ਹੋਣ ਦੀ ਮਨਾਹੀ ਹੈ।

**ਸ਼ਰਾਬ** ਨੂੰ ਵਿਦਿਆਰਥੀ ਦੇ ਵਿਹਾਰ ਸਬੰਧੀ ਜ਼ਾਬਤੇ ਵਿਚ "ਬਿਨਾ ਸ਼ਰਾਬ ਵਾਲੇ" ਸੰਤਰੇ ਦੇ ਪੇਯ-ਪਦਾਰਥਾਂ ਜਾਂ ਸ਼ਰਾਬ ਜਾਂ "ਬਿਨਾ ਸ਼ਰਾਬ ਵਾਲੇ" ਸੰਤਰੇ ਦੇ ਪੇਯ-ਪਦਾਰਥਾਂ ਦੀ ਨੁਮਾਇੰਦਗੀ ਕਰਨ ਵਾਲੇ ਨਸ਼ੀਲੇ-ਪਦਾਰਥਾਂ ਵਾਲੀ ਸ਼ਰਾਬ ਵਜੋਂ ਪਰਿਭਾਸ਼ਤ ਕੀਤਾ ਗਿਆ ਹੈ।

ਵਿਦਿਆਰਥੀ ਦੇ ਵਿਹਾਰ ਸਬੰਧੀ ਇਸ ਜ਼ਾਬਤੇ **ਨਸ਼ੀਲੀਆਂ ਦਵਾਈਆਂ** ਦੇ ਤੌਰ 'ਤੇ ਇਸਤੇਮਾਲ ਕੀਤੇ ਪਦਾਰਥਾਂ ਨੂੰ ਨਸ਼ੇ, ਨਾਜਾਇਜ਼ ਨਸ਼ੀਲੀਆਂ-ਦਵਾਈਆਂ, ਪਰਚੀ 'ਤੇ ਲਿਖੀਆਂ ਨਸ਼ੀਲੀਆਂ ਦਵਾਈਆਂ, ਬਿਨਾ ਪਰਚੀ ਵਾਲੇ ਜਾਇਜ਼ ਸਿੰਥੈਟਿਕ ਨਸ਼ੀਲੇ-ਪਦਾਰਥ ਜਾਂ ਕਾਊਂਟਰ 'ਤੇ ਮਿਲਣ ਵਾਲੀਆਂ ਦਵਾਈਆਂ, ਜਿਸ ਕਰਕੇ ਵਿਗਾੜ ਹੁੰਦਾ ਹੈ ਅਤੇ/ਜਾਂ ਸਰੀਰਕ ਜਾਂ ਦਿਮਾਗ਼ 'ਤੇ ਅਸਰ ਪਾਉਣ ਵਾਲੇ ਰਸਾਇਣ ਜਾਂ ਕੰਟਰੋਲਸ਼ੁਦਾ ਨਸ਼ੀਲੇ-ਪਦਾਰਥਾਂ; ਜਾਂ ਨਸ਼ਿਆਂ ਵਜੋਂ ਜਾਣੇ ਜਾਂਦੇ ਨਸ਼ੀਲੇ-ਪਦਾਰਥ, ਨਾਜਾਇਜ਼ ਨਸ਼ੀਲੀਆਂ ਦਵਾਈਆਂ, ਪਰਚੀ 'ਤੇ ਲਿਖੀਆਂ ਦਵਾਈਆਂ, ਬਿਨਾ ਪਰਚੀ ਵਾਲੇ ਜਾਇਜ਼ ਸਿੰਥੈਟਿਕ ਨਸ਼ੀਲੇ-ਪਦਾਰਥ ਜਾਂ ਕਾਊਂਟਰ 'ਤੇ ਮਿਲਣ ਵਾਲੀਆਂ ਦਵਾਈਆਂ, ਜਿਸ ਕਰਕੇ ਵਿਗਾੜ ਹੁੰਦਾ ਹੈ ਅਤੇ/ਜਾਂ ਸਰੀਰਕ ਜਾਂ ਦਿਮਾਗ਼ 'ਤੇ ਅਸਰ ਪਾਉਣ ਵਾਲੇ ਰਸਾਇਣ ਜਾਂ ਕਾਊਂਟਰ 'ਤੇ ਮਿਲਣ ਵਾਲੀਆਂ ਦਵਾਈਆਂ, ਜਦੋਂ ਇਕ ਅਗਿਆਤ ਉਦੇਸ਼ ਲਈ ਇਸਤੇਮਾਲ ਕਰਨ ਲਈ ਉਹਨਾਂ ਨੂੰ ਤਿਆਰ ਕੀਤਾ ਜਾਂਦਾ ਹੈ; ਜਾਂ ਨਸ਼ੀਲੀ-ਦਵਾਈ ਦੇ ਸਮਾਨ ਵਜੋਂ ਪਰਿਭਾਸ਼ਤ ਕੀਤਾ ਗਿਆ ਹੈ।

ਬੋਰਡ ਜਾਂ ਸਕੂਲ ਫ਼ੈਕਲਿਟੀ ਅਤੇ ਪ੍ਰਸ਼ਾਸਨ ਦਾ ਇਰਾਦਾ ਸਕੂਲ ਡਿਸਟ੍ਰਿਕਟ ਵਿਚਲੇ ਕਿਸੇ ਵੀ ਯੋਗ ਸ਼ਖ਼ਸ ਦੀ ਪੜ੍ਹਾਈ 'ਤੇ ਪਾਬੰਦੀ ਲਾਉਣਾ ਨਹੀਂ ਹੈ, ਜਦਕਿ ਇਹ ਮੰਨਿਆ ਗਿਆ ਹੈ ਕਿ ਸਕੂਲ ਦਾ ਚੰਗਾ ਅਨੁਸ਼ਾਸਨ ਅਤੇ ਸਕੂਲ ਦੇ ਵਿਦਿਆਰਥੀ ਦੇ ਹੱਕ ਲਈ ਢੁਕਵੀਂ ਪੜ੍ਹਾਈ-ਲਿਖਾਈ ਦਾ ਮਾਹੌਲ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਵਿਦਿਆਰਥੀਆਂ ਦੇ ਵਿਦਿਅਕ ਅਤੇ ਸਰਗਰਮੀ ਦੇ ਮੌਕਿਆਂ ਦਾ ਸਭ ਤੋਂ ਵੱਧ ਲਾਭ ਲੈਣ ਵਾਲੇ ਉਹਨਾਂ ਵਿਦਿਆਰਥੀਆਂ ਲਈ ਠੀਕ ਨਹੀਂ ਹੈ, ਜੋ ਇਹਨਾਂ ਨਸ਼ੀਲੀਆਂ ਦਵਾਈਆਂ ਜਾਂ ਸ਼ਰਾਬ ਦੇ ਅਸਰ ਹੇਠਲੇ ਸਾਥੀ ਵਿਦਿਆਰਥੀਆਂ ਜਾਂ ਜਿਹਨਾਂ ਕੋਲ ਇਹ ਨਸ਼ੀਲੇ ਪਦਾਰਥ ਹਨ, ਕਰਕੇ ਬਣੇ ਬੇਲੋੜੇ ਵਿਘਨਾਂ ਅਤੇ ਧਿਆਨ ਭਟਕਣ ਦੇ ਸੰਪਰਕ ਵਿਚ ਆਉਂਦੇ ਹਨ।

ਸ਼ਰਾਬ ਜਾਂ ਨਸ਼ੀਲੀਆਂ ਦਵਾਈਆਂ ਦੇ ਅਸਰ ਹੇਠ ਜਾਂ ਜਿਸ ਵਿਦਿਆਰਥੀ ਤੋਂ ਇਹ ਮਿਲਦੀਆਂ ਹਨ, ਨੂੰ 180 ਸਕੂਲ ਦਿਨਾਂ ਤੱਕ ਲਈ ਮੁਅੱਤਲ ਕੀਤਾ ਜਾ ਸਕਦਾ ਹੈ ਜਾਂ ਸਕੂਲ ਤੋਂ ਕੱਢਿਆ ਜਾ ਸਕਦਾ ਹੈ। ਪ੍ਰਿੰਸੀਪਲ/ਡਿਜ਼ਾਈਨੀ **ਅਜਿਹੇ** ਵਿਦਿਆਰਥੀ ਨੂੰ ਸ਼ੁਰੂਆਤੀ ਮਿਆਦ ਲਈ ਦੱਸ (10) ਸਕੂਲ ਦਿਨਾਂ ਵਾਸਤੇ ਮੁਅੱਤਲ ਕਰੇਗਾ। ਵਿਦਿਆਰਥੀ ਤੋਂ ਪਹਿਲੀ ਵਾਰੀ ਸ਼ਰਾਬ ਮਿਲਣ ਜਾਂ ਨਸ਼ੀਲੀ ਦਵਾਈ ਮਿਲਣ ਦੇ ਜੁਰਮਾਂ ਲਈ 10-ਦਿਨ ਦੀ ਮੁਅੱਤਲੀ ਦੀ ਥਾਂ, ਉਹ ਸਕੂਲ ਦੀ ਵੱਖਰੀ ਥਾਂ ਵਿਚ ਬਦਲਵੇਂ ਸਾਲਸੀ ਪ੍ਰੋਗਰਾਮ ਵਿਚ ਹਿੱਸਾ ਲੈਣ ਦੀ ਚੋਣ ਕਰ ਸਕਦਾ ਹੈ। ਵਿਦਿਆਰਥੀ ਨੂੰ ਤਰਜੀਹੀ ਪਰਿਵਾਰਕ ਸਿਹਤ (Preferred Family Health) ਰਾਹੀਂ ਨਸ਼ੀਲੀ ਦਵਾਈ ਦੇ ਵਿਆਪਕ ਮੁਲਾਂਕਣ ਵਿਚ ਹਿੱਸਾ ਲੈਣਾ ਪਏਗਾ। ਵਿਦਿਆਰਥੀ ਸਾਰਾ ਦਿਨ ਸਕੂਲ ਵਿਚ ਜਾਏਗਾ ਅਤੇ ਆਪਣੇ ਕੋਰਸਾਂ ਤੋਂ ਸਾਰੀਆਂ ਅਸਾਈਨਮੈਂਟਾਂ ਪੂਰੀਆਂ ਕਰੇਗਾ ਅਤੇ 10 ਦਿਨ ਦੌਰਾਨ ਨਸ਼ੀਲੀ ਦਵਾਈ/ਸ਼ਰਾਬ ਸਬੰਧੀ ਸਲਾਹਕਾਰੀ ਲਏਗਾ। ਵਿਦਿਆਰਥੀਆ ਨੂੰ ਆਪਣੇ ਜੱਦੀ ਸਕੂਲ ਵਿਚ ਪਰਤਣ 'ਤੇ ਉਸਾਰੂ ਫ਼ੈਸਲੇ ਕਰਨ ਅਤੇ ਲਚੀਲਾਪਣ ਉਸਾਰਣ ਵਿਚ ਲਗਾਤਾਰ ਮਦਦ ਮਿਲੇਗੀ। ਜੇ ਵਿਦਿਆਰਥੀ ਜਾਂ ਸਰਪ੍ਰਸਤ ਲੋੜੀਂਦੇ ਪੇਪਰਵਰਕ, ਮੁਲਾਂਕਣ ਜਾਂ ਲਗਾਤਾਰ ਸਹਾਇਤਾ ਸਬੰਧੀ ਮੀਟਿੰਗਾਂ ਨੂੰ ਤਸੱਲੀਬਖ਼ਸ਼ ਤਰੀਕੇ ਨਾਲ ਮੁਕੰਮਲ ਨਹੀਂ ਕਰਦਾ, ਤਾਂ 10-ਦਿਨ ਦੀ ਸ਼ੁਰੂਆਤੀ ਮੁਅੱਤਲੀ ਲਾਗੂ ਹੋਏਗੀ ਅਤੇ ਵਿਹਾਰ ਦੀ ਸੁਣਵਾਈ ਬਾਰੇ ਕਮੇਟੀ ਢੁਕਵੇਂ ਜੁਰਮਾਨੇ ਅਤੇ/ਜਾਂ ਮੁਅੱਤਲੀ ਦੇ ਵਾਧੂ ਦਿਨਾਂ ਦਾ ਨਿਰਣਾ ਕਰੇਗੀ। ਉਹਨਾਂ ਦੇ ਫ਼ੈਸਲੇ ਲਈ ਸੁਪਰੀਟੈਂਡੈਂਟ/ਡਿਜ਼ਾਈਨੀ ਕੋਲ ਜੁਰਮਾਨੇ (ਜੁਰਮਾਨਿਆਂ) ਦੀ ਸਿਫ਼ਾਰਸ਼ ਜਮ੍ਹਾ ਕਰਾਈ ਜਾਏਗੀ।
ਵਿਦਿਆਰਥੀ ਦੇ ਵਿਹਾਰ ਸਬੰਧੀ ਜ਼ਾਬਤੇ ਹੇਠ ਦੂਜਾ ਜੁਰਮ ਵਾਪਰਣ 'ਤੇ ਵਿਦਿਆਰਥੀ ਨੂੰ 180 ਸਕੂਲ ਦਿਨ ਤੱਕ ਲਈਮੁਅੱਤਲ ਕੀਤਾ ਜਾਏਗਾ ਜਾਂ ਸਕੂਲ ਤੋਂ ਕੱਢਿਆ ਜਾਏਗਾ।

ਉਲੰਘਣਾ ਦੀ ਗੰਭੀਰਤਾ ਨੂੰ ਵੇਖਦਿਆਂ, ਸ਼ਰਾਬ ਜਾਂ ਨਸ਼ੀਲੀਆਂ ਦਵਾਈਆਂ ਦੀ ਵਿਕਰੀ, ਸ਼ਾਂਝੀ ਕਰਨ ਜਾਂ ਵੰਡ ਵਿਚ ਸ਼ਾਮਿਲ **ਮਿਲਣ ਵਾਲੇ ਵਿਦਿਆਰਥੀ** ਨੂੰ 180 ਸਕੂਲ ਦਿਨ ਤੱਕ ਲਈ ਮੁਅੱਤਲ ਕੀਤਾ ਜਾਏਗਾ ਜਾਂ ਸਕੂਲ ਤੋਂ ਕੱਢਿਆ ਜਾਏਗਾ। ਪ੍ਰਿੰਸੀਪਲ/ਡਿਜ਼ਾਈਨੀ **ਅਜਿਹੇ** ਵਿਦਿਆਰਥੀਆਂ ਨੂੰ ਸ਼ੁਰੂਆਤੀ ਦੱਸ (10) ਸਕੂਲ ਦਿਨਾਂ ਦੀ ਮਿਆਦ ਲਈ ਮੁਅੱਤਲ ਕਰ ਸਕਦਾ ਹੈ। ਵਿਹਾਰ ਬਾਰੇ ਕਮੇਟੀ ਢੁਕਵੇਂ ਜੁਰਮਾਨੇ (ਜੁਰਮਾਨਿਆਂ) ਦਾ ਨਿਰਣਾ ਕਰਨ ਲਈ ਸ਼ੁਰੂਆਤੀ ਦੱਸ (10) ਸਕੂਲ ਦਿਨਾਂ ਦੀ ਮੁਅੱਤਲੀ ਦੀ ਮਿਆਦ ਦੇ ਅੰਦਰ ਸੁਣਵਾਈ ਕਰ ਸਕਦੀ ਹੈ। ਉਹਨਾਂ ਦੇ ਫ਼ੈਸਲੇ ਲਈ ਸੁਪਰੀਟੈਂਡੈਂਟ/ਡਿਜ਼ਾਈਨੀ ਕੋਲ ਜੁਰਮਾਨੇ (ਜੁਰਮਾਨਿਆਂ) ਦੀ ਸਿਫ਼ਾਰਸ਼ ਜਮ੍ਹਾ ਕਰਾਈ ਜਾਏਗੀ। ਵਿਹਾਰ ਬਾਰੇ ਕਮੇਟੀ ਦੇ ਸੁਣਵਾਈ ਅਧਿਕਾਰੀ ਆਪਣੇ ਅਖ਼ਤਿਆਰ ਦੇ ਅੰਦਰ ਬਦਲਵੀਂ ਵਿਦਿਅਕ ਪਲੇਸਮੈਂਟ – ਬਦਲਵੀਂ ਸਿਖਲਾਈ ਬਾਰੇ ਸੈਂਟਰ (ALC) ਦੀ ਸਿਫ਼ਾਰਸ਼ ਕਰ ਸਕਦੇ ਹਨ। ਜੇ ਅਜਿਹੀ ਪਲੇਸਮੈਂਟ ਪ੍ਰਵਾਣ ਕੀਤੀ ਜਾਂਦੀ ਹੈ: (1) ALC ਸ਼ੁਰੂ ਹੋਣ ਦੇ ਦੋ (2) ਹਫ਼ਤਿਆਂ ਦੇ ਅੰਦਰ ਤਰਜੀਹੀ ਪਰਿਵਾਰਕ ਸਿਹਤ ਵਿਖੇ ਨਸ਼ੀਲੀ ਦਵਾਈ ਬਾਰੇ ਮੁਲਾਂਕਣ ਜ਼ਰੂਰ ਮੁਕੰਮਲ ਕੀਤਾ ਜਾਣਾ ਚਾਹੀਦਾ ਹੈ। (2) ਵਿਦਿਆਰਥੀ ਨੂੰ ਤਰਜੀਹੀ ਪਰਿਵਾਰਕ ਸਿਹਤ ਵਲੋਂ ਮੁਹੱਈਆ ਕਰਾਏ ਗਏ ਨਸ਼ੀਲੀ ਦਵਾਈ ਦੀ ਸਲਾਹਕਾਰੀ ਬਾਰੇ ਸੈਸ਼ਨਾਂ ਵਿਚ ਹਿੱਸਾ ਲੈਣਾ ਪਏਗਾ।

# ਵਿਦਿਆਰਥੀ ਬਾਰੇ ਸ਼ਰਾਬ/ਨਸ਼ੀਲੀਆਂ ਦਵਾਈਆਂ ਸਬੰਧੀ ਕੋਡ

ਹੇਠਾਂ ਦਿੱਤੀਆਂ **ਪਰਿਭਾਸ਼ਾਵਾਂ** ਲਾਗੂ ਹੋਣਗੀਆਂ:

**"ਵੇਚਣ, ਸਾਂਝੀ ਕਰਨ ਅਤੇ ਵੰਡਣ"** ਦਾ ਮਤਲਬ ਹੈ, ਸ਼ਰਾਬ ਜਾਂ ਨਸ਼ੀਲੀਆਂ ਦਵਾਈਆਂ ਦਾ ਇਕ ਵਿਅਕਤੀ ਤੋਂ ਦੂਜੇ ਨੂੰ ਅਸਲ ਟ੍ਰਾਂਸਫ਼ਰ, ਬਣਾਉਣ ਸਬੰਧੀ ਟ੍ਰਾਂਸਫ਼ਰ, ਟ੍ਰਾਂਸਫ਼ਰ ਕਰਨ ਦੀ ਕੀਤੀ ਗਈ ਕੋਸ਼ਿਸ਼ ਜਾਂ ਟ੍ਰਾਂਸਫ਼ਰ ਕਰਨ ਦੀ ਪੇਸ਼ਕਸ਼। ਇਸ ਸ਼ਬਦ ਵਿਚ ਵੇਚਣਾ, ਚੀਜ਼ ਦੇ ਬਦਲੇ ਚੀਜ਼ ਦੇਣੀ, ਆਦਾਨ-ਪ੍ਰਦਾਨ ਕਰਨ, ਸਮਾਜਕ ਸ਼ਾਂਝ ਕਰਨਾ ਅਤੇ ਤੋਹਫ਼ੇ ਦੇਣੇ ਸ਼ਾਮਿਲ ਹੁੰਦੇ ਹਨ।

**"ਕਬਜ਼ੇ ਵਿਚ ਹੋਣ"** ਦਾ ਮਤਲਬ ਹੈ, ਕਿਸੇ ਵਿਅਕਤੀ 'ਤੇ ਸ਼ਰਾਬ ਜਾਂ ਨਸ਼ੀਲੀਆਂ ਦਵਾਈਆਂ , ਜਾਂ ਵਿਦਿਆਰਥੀ ਦੇ ਕਬਜ਼ੇ ਵਿਚ ਹੋਣ ਜਾਂ ਕੰਟਰੋਲ ਲਈ ਸਬੰਧਿਤ, ਨਿਯੁਕਤ ਕੀਤੀ ਗਈ ਜਾਂ ਸਪੁਰਦ ਕੀਤੀ ਗਈ ਸੰਪਤੀ ਵਿਚ ਜਾਂ ਸੰਪਤੀ 'ਤੇ ਕਾਰਵਾਈ ਜਾਂ ਸਥਿਤੀ ਹੋਣੀ।

**"ਨਸ਼ੇ ਵਿਚ "** ਹੋਣ ਦਾ ਮਤਲਬ ਹੈ, ਨਸ਼ੀਲੀਆਂ ਦਵਾਈਆਂ ਨੂੰ ਸਰੀਰ ਵਿਚ ਲੰਘਾਉਣਾ, ਖਪਤ ਕਰਨੀ ਜਾਂ ਜਜ਼ਬ (ਮੂੰਹ, ਟੀਕੇ ਰਾਹੀਂ, ਸੁੰਘਣ ਆਦਿ ਰਾਹੀਂ) ਕਰਨਾ। ਇਸ ਵਿਚ "ਨਸ਼ੇ ਵਿਚ" ਹੋਣਾ, ਡਿਸਟ੍ਰਿਕਟ ਦੀ ਸੰਪਤੀ 'ਤੇ ਮੌਜੂਦ ਹੋਣ ਜਾਂ ਸਕੂਲ ਵਲੋਂ ਸਪਾਂਸਰ ਕੀਤੀ ਗਈ ਸਰਗਰਮੀ ਜਾਂ ਫ਼ੀਲਡ ਟ੍ਰਿਪ ਤੋਂ ਪਹਿਲਾਂ ਸ਼ਰਾਬ ਜਾਂ ਨਸ਼ੀਲੀਆਂ ਦਵਾਈਆਂ ਦੀ ਕਿਸੇ ਵੀ ਤਰ੍ਹਾਂ ਦੀ ਵਰਤੋਂ, ਭਾਵੇਂ ਉਹ ਡਿਸਟ੍ਰਿਕਟ ਦੀ ਸੰਪਤੀ ਤੋਂ ਦੂਰ ਹੋਣ, ਜਦੋਂ ਸਕੂਲ ਜਾਂ ਸਰਗਰਮੀ ਵਿਖੇ ਹੁੰਦਿਆਂ ਹੋਇਆਂ ਵਿਦਿਆਰਥੀ ਦੀ ਨਿਗਰਾਨੀ ਜਾਂ ਟੈਸਟਿੰਗ ਨਾਲ ਅਜਿਹੀ ਵਰਤੋਂ ਦਾ ਪਤਾ ਚੱਲਦਾ ਹੈ, ਸ਼ਾਮਿਲ ਹੁੰਦਾ ਹੈ, ਪਰ ਇਹਨਾਂ ਤੱਕ ਸੀਮਤ ਨਹੀਂ ਹੈ। ਜੇ ਪ੍ਰਸ਼ਾਸਕ ਨੂੰ ਸ਼ੱਕ ਹੁੰਦਾ ਹੈ ਕਿ ਵਿਦਿਆਰਥੀ ਅਸਰ ਹੇਠ ਹੈ, ਤਾਂ ਉਹ ਫ਼ੀਲਡ ਵਿਚ ਨਸ਼ੇ ਵਿਚ ਨਾ ਹੋਣ ਦਾ ਟੈਸਟ ਕਰਾ ਸਕਦਾ ਹੈ, ਮੈਡੀਕਲ ਪੇਸ਼ੇਵਰਾਂ ਨਾਲ ਸਲਾਹ ਕਰ ਸਕਦਾ ਹੈ ਜਾਂ ਟੈਸਟਾਂ ਦਾ ਪ੍ਰਬੰਧ ਕਰ ਸਕਦਾ ਹੈ। ਜਦੋਂ ਢੁਕਵਾਂ ਸ਼ੱਕ ਹੋਵੇ, ਤਾਂ ਸ਼ਰਾਬ ਲਈ ਸਾਹ ਰਾਹੀਂ ਟੈਸਟਿੰਗ ਅਤੇ ਨਸ਼ੀਲੀਆਂ ਦਵਾਈਆਂ ਲਈ ਲਾਰ ਦਾ ਟੈਸਟ ਕਰਾਇਆ ਜਾਏਗਾ। "ਨਸ਼ੇ ਵਿਚ" ਹੋਣ ਦੀ ਪਰਿਭਾਸ਼ਾ ਨੂੰ ਕਿਸੇ ਵੀ ਸਥਿਤੀਆਂ ਹੇਠ ਮੋਟਰ-ਗੱਡੀਆਂ ਚਲਾਉਣ ਲਈ ਲਾਗੂ ਹੋਣ ਵਾਲੇ ਸ਼ਬਦ ਤੱਕ ਸੀਮਤ ਨਹੀਂ ਕੀਤਾ ਜਾਏਗਾ।

**"ਨਸ਼ੀਲੀ ਦਵਾਈ ਦਾ ਸਮਾਨ"** ਦਾ ਮਤਲਬ ਹੈ, ਸਾਰੇ ਉਪਕਰਣ, ਉਤਪਾਦ, ਨਸ਼ੀਲੇ-ਪਦਾਰਥ ਅਤੇ ਕਿਸੇ ਕਿਸਮ ਦੀਆਂ ਸਮਗ੍ਰੀਆਂ, ਜਿਹਨਾਂ ਨੂੰ ਪੌਦੇ ਲਾਉਣ, ਤਿਆਰ ਕਰਨ, ਕਾਸ਼ਤ ਕਰਨ, ਉਗਾਉਣ, ਵਾਢੀ ਕਰਨ, ਨਿਰਮਾਣ ਕਰਨ, ਇਕੱਠਾ ਕਰਨ, ਤਬਦੀਲ ਕਰਨ, ਬਣਾਉਣ, ਪ੍ਰੋਸੈਸ ਕਰਨ, ਤਿਆਰੀ ਕਰਨ, ਭੰਡਾਰ ਕਰਨ, ਰੱਖਣ, ਲੁਕੋਕੇ ਰੱਖਣ, ਟੀਕਾ ਲਾਉਣ, ਸਾਹ ਰਾਹੀਂ ਅੰਦਰ ਲੰਘਾਉਣ ਜਾਂ ਕਿਸੇ ਹੋਰ ਤਰੀਕੇ ਨਾਲ ਕੰਟਰੋਲਸ਼ੁਦਾ ਨਸ਼ੀਲੇ-ਪਦਾਰਥ ਜਾਂ ਨਕਲੀ ਕੰਟਰੋਲਸ਼ੁਦਾ ਨਸ਼ੀਲੇ-ਪਦਾਰਥ ਨੂੰ ਮਨੁੱਖੀ ਸਰੀਰ ਵਿਚ ਭੇਜਿਆ ਜਾਂਦਾ ਹੈ।



# ਹਥਿਆਰ-ਮੁਕਤ ਸਕੂਲਾਂ ਬਾਰੇ ਕੋਡ

ਫ੍ਰਾਂਸਿਸ ਹੌਵੈਲ ਸਕੂਲ ਡਿਸਟ੍ਰਿਕਟ ਆਪਣੇ ਵਿਦਿਆਰਥੀਆਂ ਲਈ ਸੁਰੱਖਿਅਤ, ਹਿੰਸਾ-ਮੁਕਤ ਵਿਦਿਅਕ ਮਾਹੌਲ ਅਤੇ ਆਪਣੇ ਮੁਲਾਜ਼ਮਾਂ ਲਈ ਕੰਮ ਵਾਲੀ ਥਾਂ ਮੁਹੱਈਆ ਕਰਾਉਣਾ ਚਾਹੁੰਦੀ ਹੈ। ਡਿਸਟ੍ਰਿਕਟ ਪੁਸ਼ਟੀ ਕਰਦੀ ਹੈ ਕਿ ਸਕੂਲ ਦੇ ਮੈਦਾਨਾਂ 'ਤੇ ਹਥਿਆਰ (ਅਸਲਿਆਂ) ਲਈ ਕੋਈ ਥਾਂ ਨਹੀਂ ਹੈ।

ਡਿਸਟ੍ਰਿਕਟ ਮੰਨਦੀ ਹੈ ਕਿ ਉਸ ਨੂੰ ਸਕੂਲ ਵਿਚ ਹਥਿਆਰ ਲਿਆਉਣ ਵਾਲੇ ਵਿਦਿਆਰਥੀਆਂ ਨਾਲ ਨਜਿੱਠਣ ਸਬੰਧੀ ਫ਼ੈਡਰਲ ਅਤੇ ਸਟੇਟ ਦੇ ਕਾਨੂੰਨਾਂ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ। ਇਸ ਤਰ੍ਹਾਂ, ਇਹ ਜਾਣਕਾਰੀ ਤਰਮੀਮ ਕੀਤੇ ਜਾ ਰਹੇ ਅਮਰੀਕਾ ਦੇ ਸਕੂਲਾਂ ਬਾਰੇ ਕਾਨੂੰਨ, 1994 ਦੇ ਪ੍ਰਬੰਧਾਂ, ਅਸਮਰੱਥ (ਅਪਾਹਜ) ਲੋਕਾਂ ਦੀ ਪੜ੍ਹਾਈ ਬਾਰੇ ਕਾਨੂੰਨ ਅਤੇ ਹੋਰ ਲਾਗੂ ਫ਼ੈਡਰਲ ਅਤੇ ਸਟੇਟ ਦੇ ਕਾਨੂੰਨ ਦੀ ਪਾਲਣਾ ਕਰਦੀ ਹੈ।

ਡਿਸਟ੍ਰਿਕਟ ਨੂੰ ਨੁਕਸਾਨ ਦੇ ਜੋਖਮ ਬਾਰੇ ਪਤਾ ਹੈ, ਜੋ ਕਿ ਸਕੂਲ ਵਿਚ ਹਥਿਆਰ ਲਿਆਉਣ ਵਾਲੇ ਵਿਅਕਤੀ ਸਕੂਲ ਦੀ ਹੱਦ ਦੇ ਅੰਦਰ ਆਪਣੇ ਆਪ ਨੂੰ ਅਤੇ ਹੋਰਨਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਡਿਸਟ੍ਰਿਕਟ, ਹਥਿਆਰ ਕਬਜ਼ੇ ਵਿਚ ਹੋਣ ਨੂੰ ਵਿਦਿਆਰਥੀਆਂ, ਮੁਲਾਜ਼ਮਾਂ ਅਤੇ ਹੋਰਨਾਂ ਲੋਕਾਂ ਦੀ ਸਿਹਤ, ਸੁਰੱਖਿਆ ਅਤੇ ਬਚਾਅ ਲਈ ਸੰਭਵ ਖ਼ਤਰੇ ਵਜੋਂ ਮੰਨਦੀ ਹੈ। ਜਦੋਂ ਇਕ ਵਿਅਕਤੀ ਸਾਡੇ ਸਕੂਲ ਦੀਆਂ ਹੱਦਾਂ ਦੇ ਅੰਦਰ ਹਥਿਆਰ ਲਿਆਉਂਦਾ ਹੈ, ਤਾਂ ਡਿਸਟ੍ਰਿਕਟ ਮੌਜੂਦ ਨੁਕਸਾਨ ਦੇ ਜੋਖਮ ਨੂੰ ਬਰਦਾਸ਼ਤ ਨਹੀਂ ਕਰੇਗੀ।

ਇਸ ਲਈ, ਡਿਸਟ੍ਰਿਕਟ ਹੇਠਾਂ ਦਿੱਤੇ ਅਨੁਸਾਰ ਬਿਆਨ ਕਰਦੀ ਹੈ:

I. ਪਰਿਭਾਸ਼ਾਵਾਂ

ਸ਼ਬਦ "ਹਥਿਆਰ" ਨੂੰ 18 ਯੂਨਾਇਟਿਡ ਸਟੇਟਸ ਕੋਡ ਸੈਕਸ਼ਨ 921 ਦੇ ਸਭ ਤੋਂ ਹਾਲੀਆ ਰੂਪਾਂਤਰ ਵਿਚ ਨਿਰਧਾਰਤ ਕੀਤੇ ਗਏ ਫ਼ੈਡਰਲ ਕਾਨੂੰਨ ਅਨੁਸਾਰ ਪਰਿਭਾਸ਼ਤ ਕੀਤਾ ਗਿਆ ਹੈ। ਸ਼ਬਦ "ਹਥਿਆਰ" ਵਿਚ ਹੇਠਾਂ ਦਿੱਤੇ ਵਾਂਗ ਅਜਿਹੀਆਂ ਆਈਟਮਾਂ ਸ਼ਾਮਿਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹੈ:

A. ਕੋਈ ਵੀ ਆਈਟਮ, ਜੋ ਭਰਿਆ ਹੋਇਆ ਜਾਂ ਖ਼ਾਲੀ ਹਥਿਆਰ ਹੈ, ਹਥਿਆਰ ਦਾ ਫ਼੍ਰੇਮ ਜਾਂ ਹਥਿਆਰ ਦੀ ਬੈਰਲ ਹੈ, ਜਿਸ ਨੂੰ ਫੋਟਕ ਦੀ ਵਰਤੋਂ ਕਰਕੇ ਨਿਸ਼ਾਨਾ ਲਾਉਣ ਲਈ ਫ਼ੌਰਨ ਤਬਦੀਲ ਕੀਤਾ ਜਾ ਸਕਦਾ ਹੈ, ਲਈ ਤਿਆਰ ਕੀਤਾ ਗਿਆ ਹੈ; ਜਾਂ

B. ਕੋਈ ਵੀ ਆਈਟਮ, ਜਿਸ ਨੂੰ ਫੋਟਕ ਜਾਂ ਗੋਲੀ ਨੂੰ ਅਗਾਂਹ ਧੱਕਣ ਵਾਲੇ ਯੰਤਰ ਦੀ ਵਰਤੋਂ ਕਰਕੇ ਨਿਸ਼ਾਨਾ ਲਾਉਣ ਲਈ ਫ਼ੌਰਨ ਤਬਦੀਲ ਕੀਤਾ ਜਾਏਗਾ ਜਾਂ ਤਬਦੀਲ ਕੀਤਾ ਜਾ ਸਕਦਾ ਹੈ ਅਤੇ ਇਸ ਵਿਚ ਘੱਟੋ-ਘੱਟ ਅੱਧੇ ਇੰਚ ਦੇ ਘੇਰੇ ਦੀ ਬੋਰ ਵਾਲੀ ਬੈਰਲ ਹੈ; ਜਾਂ

C. ਕੋਈ ਵੀ ਫੋਟਕ, ਅੱਗ ਲਾਉਣ ਵਾਲਾ ਫੋਟਕ ਜਾਂ ਜ਼ਹਿਰੀਲੀ ਗੈਸ, ਜਿਵੇਂ: ਬੰਬ; ਹੱਥਗੋਲੇ, ਚਾਰ (4) ਔਂਸ ਨਾਲੋਂ ਵੱਧ ਦੇ ਅੱਗੇ ਨੂੰ ਧੱਕਣ ਵਾਲੇ ਚਾਰਜ ਵਾਲਾ ਰਾੱਕੇਟ; ਅਤੇ ਫ਼ੈਡਰਲ ਕਾਨੂੰਨ ਅਨੁਸਾਰ ਮਾਣਤਾਪ੍ਰਾਪਤ ਹੋਰ ਅਜਿਹੇ ਉਪਕਰਣ; ਜਾਂ

D. ਪਰਿਭਾਸ਼ਾਵਾਂ ਬਾਰੇ ਸੈਕਸ਼ਨ ਦੇ ਪੈਰਾਗ੍ਰਾਫ B ਜਾਂ C ਵਿਚ ਦੱਸੇ ਗਏ ਅਨੁਸਾਰ ਜਾਂ ਤਾਂ ਤਿਆਰ ਕੀਤੇ ਗਏ ਹਿੱਸਿਆਂ ਦੇ ਕਿਸੇ ਵੀ ਸੁਮੇਲ ਜਾਂ ਕਿਸੇ ਉਪਕਰਣ ਨੂੰ ਇਕ ਉਪਕਰਣ ਵਿਚ ਤਬਦੀਲ ਕਰਕੇ ਵਰਤੋਂ ਕਰਨ ਦੇ ਇਰਾਦੇ ਨਾਲ ਤਿਆਰ ਕੀਤਾ ਗਿਆ ਹੈ।

II. ਸਕੂਲ ਵਿਚ ਹਥਿਆਰ ਲਿਆਉਣ ਵਾਲਾ ਵਿਦਿਆਰਥੀ

ਡਿਸਟ੍ਰਿਕਟ, ਸਕੂਲ ਵਿਚ ਹਥਿਆਰ ਲਿਆਉਣ ਵਾਲੇ ਵਿਦਿਆਰਥੀ ਨੂੰ ਬਰਦਾਸ਼ਤ ਨਹੀਂ ਕਰੇਗੀ। ਇਸ ਲਈ, ਡਿਸਟ੍ਰਿਕਟ ਇਹ ਪਤਾ ਲਾਉਣ ਲਈ ਹੇਠਾਂ ਦਿੱਤੀ ਕਾਰਵਾਈ ਕਰੇਗੀ ਕਿ ਵਿਦਿਆਰਥੀ ਸਕੂਲ ਵਿਚ ਹਥਿਆਰ ਲਿਆਇਆ ਹੈ:

A. ਡਿਸਟ੍ਰਿਕਟ, ਵਿਦਿਆਰਥੀ ਨੂੰ ਢੁਕਵੇਂ ਫ਼ੌਜਦਾਰੀ ਨਿਆਂ ਜਾਂ ਨਾਬਾਲਗ਼ ਦੀ ਲਾਪਰਵਾਹੀ ਸਬੰਧੀ ਪ੍ਰਬੰਧ ਲਈ ਰੈਫ਼ਰ ਕਰੇਗੀ; ਅਤੇ

B. ਡਿਸਟ੍ਰਿਕਟ, ਵਿਦਿਆਰਥੀ ਨੂੰ ਉਲੰਘਣਾ ਦੀ ਤਾਰੀਖ਼ ਤੋਂ ਇਕ (1) ਸਾਲ (365 ਦਿਨਾਂ) ਤੋਂ ਘੱਟ ਦੀ ਮਿਆਦ ਤੱਕ ਲਈ ਸਕੂਲ ਤੋਂ ਮੁਅੱਤਲ ਕਰੇਗੀ ਅਤੇ ਆਪਣੇ ਅਖ਼ਤਿਆਰ ਨਾਲ ਵਿਦਿਆਰਥੀ ਨੂੰ ਸਕੂਲ ਤੋਂ ਪੱਕੇ ਤੌਰ 'ਤੇ ਕੱਢ ਸਕਦੀ ਹੈ। ਜੇ ਸੁਪਰੀਟੈਂਡੈਂਟ ਨਿਰਣਾ ਕਰਦਾ ਹੈ ਕਿ ਸਥਿਤੀਆਂ ਇਕ ਤਰ੍ਹਾਂ ਦਾ ਸੁਧਾਰ ਚਾਹੁੰਦੀਆਂ ਹਨ, ਤਾਂ ਸਕੂਲਾਂ ਬਾਰੇ ਸੁਪਰੀਟੈਂਡੈਂਟ ਦੀ ਸਿਫ਼ਾਰਸ਼ 'ਤੇ ਕੇਸ-ਦਰ-ਕੇਸ ਦੇ ਅਧਾਰ ਮੁਅੱਤਲੀ ਦੇ ਇਸ ਪ੍ਰਬੰਧ ਵਿਚ ਬਦਲਾਵ ਕੀਤਾ ਜਾ ਸਕਦਾ ਹੈ।

C. ਡਿਸਟ੍ਰਿਕਟ ਆਪਣੇ ਅਖ਼ਤਿਆਰ ਨਾਲ ਡਿਸਟ੍ਰਿਕਟ ਦੀ ਪਾੱਲਿਸੀ 2620 ਹੇਠ ਮੁਅੱਤਲ ਕੀਤੇ ਗਏ ਵਿਦਿਆਰਥੀ ਨੂੰ ਇਕ ਬਦਲਵੀਂ ਸੈਟਿੰਗ ਵਿਚ ਵਿਦਿਅਕ ਸੇਵਾਵਾਂ ਮੁਹੱਈਆ ਕਰ ਸਕਦੀ ਹੈ।

III. ਅਸਮਰੱਥ (ਅਪਾਹਜ) ਵਿਦਿਆਰਥੀਆਂ ਲਈ ਢੁਕਵਾਂਪਣ

ਅਸਮਰੱਥ (ਅਪਾਹਜ) ਲੋਕਾਂ ਦੀ ਪੜ੍ਹਾਈ ਬਾਰੇ ਕਾਨੂੰਨ ਹੇਠ, ਜੇ ਨਿਰਣਾ ਕੀਤਾ ਜਾਂਦਾ ਹੈ ਕਿ ਅਸਮਰੱਥ (ਅਪਾਹਜ) ਵਿਦਿਆਰਥੀ ਨੇ ਇਹਨਾਂ ਹਥਿਆਰ-ਮੁਕਤ ਸਕੂਲਾਂ ਸਬੰਧੀ ਸੇਧਾਂ ਦੀ ਉਲੰਘਣਾ ਕੀਤੀ ਹੈ, ਤਾਂ ਡਿਸਟ੍ਰਿਕਟ ਲਾਗੂ ਕਾਨੂੰਨਾਂ ਅਤੇ ਨੇਮਾਂ ਵਿਚ ਨਿਰਧਾਰਤ ਕੀਤੇ ਗਏ ਅਨੁਸਾਰ ਫ਼ੈਡਰਲ ਅਤੇ ਸਟੇਟ ਦੀਆਂ ਸ਼ਰਤਾਂ ਦੀ ਪਾਲਣਾ ਕਰੇਗੀ। ਜਦੋਂ ਇਕ ਅਸਮਰੱਥ (ਅਪਾਹਜ) ਵਿਦਿਆਰਥੀ ਸਕੂਲ ਵਿਚ ਹਥਿਆਰ ਲਿਆਉਂਦਾ ਹੈ, ਤਾਂ ਵਿਸ਼ੇਸ਼ ਅਮਲਾਂ ਵਿਚ ਨਿਰਧਾਰਤ ਅਜਿਹੇ ਕਾਨੂੰਨਾਂ ਅਤੇ ਨੇਮਾਂ ਦੀ ਪਾਲਣਾ ਕੀਤੀ ਜਾਏਗੀ। ਇਹ ਸੇਧਾਂ ਅਸਮਰੱਥ (ਅਪਾਹਜ) ਵਿਦਿਆਰਥੀਆਂ 'ਤੇ ਉਸ ਹੱਦ ਤੱਕ ਲਾਗੂ ਹੋਣਗੀਆਂ ਕਿ ਉਹਨਾਂ ਦੀ ਅਰਜ਼ੀ ਨੂੰ ਅਸਮਰੱਥ (ਅਪਾਹਜ) ਲੋਕਾਂ ਦੀ ਪੜ੍ਹਾਈ ਬਾਰੇ ਕਾਨੂੰਨ ਹੇਠ ਮੰਜ਼ੂਰੀ ਦਿੱਤੀ ਜਾਂਦੀ ਹੈ।

IV. ਡਿਸਟ੍ਰਿਕਟ ਦੀਆ ਹੋਰਨਾਂ ਪਾੱਲਿਸੀਆਂ ਲਈ ਢੁਕਵਾਂਪਣ

ਡਿਸਟ੍ਰਿਕਟ ਦੀਆਂ ਹੋਰ ਸਾਰੇ ਹਥਿਆਰਾਂ ਬਾਰੇ ਪਾੱਲਿਸੀਆਂ, ਅਨੁਸ਼ਾਸਨ ਸਬੰਧੀ ਪਾੱਲਿਸੀਆਂ ਜਾਂ ਹੂ-ਬ-ਹੂ ਲੱਗਣ ਵਾਲੇ ਹਥਿਆਰਾਂ ਸਬੰਧੀ ਪਾੱਲਿਸੀਆਂ, ਜਿਵੇਂ ਕਿ ਉਹ ਇਸ ਸਮੇਂ ਮੌਜੂਦ ਹਨ ਜਾਂ ਇਸ ਤੋਂ ਬਾਅਦ ਤਰਮੀਮ ਕੀਤੀ ਜਾਂਦੀ ਹੈ, ਦੇ ਤੌਰ 'ਤੇ ਲਾਗੂ ਰਹਿਣਗੀਆਂ।

# ਅਨੁਸ਼ਾਸਨ ਦੀਆਂ ਪਰਿਭਾਸ਼ਾਵਾਂ

**ਡਿਟੈਂਸ਼ਨ ਸਟਡੀ ਹਾੱਲ** - ਸਕੂਲ ਦੇ ਸਮਿਆਂ ਤੋਂ ਬਾਅਦ ਨਿਗਰਾਨੀ ਵਾਲੇ ਸਟਡੀ ਹਾੱਲ ਦੇ ਮਾਹੌਲ ਦਾ ਪ੍ਰਬੰਧ ਕੀਤਾ ਜਾਂਦਾ ਹੈ। ਸੈਟਰਡੇ ਸਕੂਲ, ਸਕੂਲ ਸ਼ਨਿਚਰਵਾਰ ਸਵੇਰ ਦੇ ਸਮਿਆਂ ਤੋਂ ਬਾਅਦ ਨਿਗਰਾਨੀ ਵਾਲੇ ਸਟਡੀ ਹਾੱਲ ਦੇ ਮਾਹੌਲ ਦਾ ਪ੍ਰਬੰਧ ਕਰਦਾ ਹੈ। ਸਕੂਲ ਦੇ ਹਿਸਾਬ ਨਾਲ ਸਮੇਂ ਵੱਖ-ਵੱਖ ਹੋਣਗੇ। ਵਿਦਿਆਰਥੀ ਦੀ ਸਰਗਰਮੀ ਦੀ ਬਹੁਤ ਹੀ ਨੇੜਿਓਂ ਨਿਗਰਾਨੀ ਕੀਤੀ ਜਾਂਦੀ ਹੈ ਅਤੇ ਪਾਬੰਦੀ ਵਾਲੀ ਹੁੰਦੀ ਹੈ। ਡਿਟੈਂਸ਼ਨ ਦੀ ਪੂਰੀ ਮਿਆਦ ਦੌਰਾਨ ਵਿਦਿਆਰਥੀਆਂ ਤੋਂ ਸ਼ਾਂਤ ਰਹਿਣ ਅਤੇ ਵਿਸ਼ੇਸ਼ ਤੌਰ 'ਤੇ ਦਿੱਤੇ ਗਏ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਮਿੱਥੀ ਹੋਈ ਡਿਟੈਂਸ਼ਨ ਵਿਚ ਸ਼ਾਮਿਲ ਹੋਣ ਲਈ ਦੇਰ ਨਾਲ ਆਉਣ ਦੀ ਮੰਜ਼ੂਰੀ ਨਹੀਂ ਦਿੱਤੀ ਜਾਏਗੀ।

**ਸਕੂਲ ਵਿਚ ਮੁਅੱਤਲੀ (ISS/ISAP)** - ਢਾਂਚਾਗਤ, ਸਵੈ-ਕੰਟਰੋਲ ਮਾਹੌਲ, ਜਿੱਥੇ ਵਿਦਿਆਰਥੀ ਨੂੰ ਕ੍ਰੈਡਿਟ ਲਈ ਅਸਾਈਨਮੈਂਟਾਂ ਪੂਰੀਆਂ ਕਰਨ ਵਾਸਤੇ ਮੌਕਾ ਦਿੱਤਾ ਜਾਏਗਾ। ISS/ISAP ਵਿਚ ਵਿਦਿਆਰਥੀ ਦੀ ਪਲੇਸਮੈਂਟ ਤੋਂ ਪਹਿਲਾਂ ਮਾਤਾ-ਪਿਤਾ/ਸਰਪ੍ਰਸਤ ਨਾਲ ਸੰਪਰਕ ਕੀਤਾ ਜਾਏਗਾ। ਜੇ IEP ਵਾਲੇ ਵਿਦਿਆਰਥੀ ਨੂੰ ISS/ISAP ਵਿਚ ਰਖਿਆ ਗਿਆ ਹੈ, ਤਾਂ IEP ਵਿਚ ਦੱਸੇ ਗਏ ਅਨੁਸਾਰ ਜਾਂ ਸਕੂਲ ਤੋਂ ਬਾਹਰ ਦੀ ਮੁਅੱਤਲੀ ਵਜੋਂ ISS/ISAP ਵਿਚਲੇ ਸਮੇਂ ਨੂੰ ਸਕੂਲ ਤੋਂ ਬਾਹਰ ਦੀ ਮੁਅੱਤਲੀ ਦੇ ਤੌਰ 'ਤੇ ਗਿਣਿਆ ਜਾਂਦਾ ਹੈ, ਤਾਂ ਉਸ ਨੂੰ ਵਿਸ਼ੇਸ਼ ਸਿੱਖਿਆ ਸੇਵਾਵਾਂ ਮੁਹੱਈਆ ਕਰਾਈਆਂ ਜਾਣਗੀਆਂ। ਵਿਦਿਆਰਥੀ ਦੀ ਸਕੂਲ ਵਿਚਲੀ ਮੁਅੱਤਲੀ ਪੂਰੀ ਹੋਣ 'ਤੇ ਉਹ ਸਰਗਰਮੀਆਂ ਵਿਚ ਹਿੱਸਾ ਲੈ ਸਕਦਾ ਹੈ।

**ਸਕੂਲ ਤੋਂ ਬਾਹਰੀ ਮੁਅੱਤਲੀ (OSS)** - ਸਕੂਲ ਵਿਚਲੀ ਹਾਜ਼ਰੀ ਤੋਂ ਹਟਾਉਣਾ। ਵਿਦਿਆਰਥੀ ਦੇ ਸਕੂਲ ਪਰਤਣ ਤੋਂ ਪਹਿਲਾਂ ਵਿਦਿਆਰਥੀ, ਮਾਤਾ-ਪਿਤਾ/ਸਰਪ੍ਰਸਤ ਦੀ ਮੀਟਿੰਗ ਦੀ ਲੋੜ ਪੈ ਸਕਦੀ ਹੈ। ਹੇਠਾਂ ਦਿੱਤੀਆਂ ਸਥਿਤੀਆਂ ਨੂੰ ਛੱਡਕੇ OSS ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਕੋਲ 100% ਕ੍ਰੈਡਿਟ ਲਈ ਆਪਣਾ ਖੁੰਝਿਆ ਹੋਇਆ ਕੰਮ ਪੂਰਾ ਕਰਨ ਦਾ ਮੌਕਾ ਹੋਏਗਾ।

ਮੁਅੱਤਲੀ ਦੇ ਸਮੇਂ ਦੌਰਾਨ ਵਿਦਿਆਰਥੀ ਦਾ ਗ੍ਰੇਡ ਕੰਮ ਦੇ ਅਧਾਰ 'ਤੇ ਤੈਅ ਹੋਏਗਾ, ਜੋ ਮੁਅੱਤਲੀ ਦੀ ਮਿਆਦ ਦੌਰਾਨ ਕਲਾਸ ਤੋਂ ਬਾਹਰ ਪੂਰਾ ਕਰਨ ਲਈ ਵਿਦਿਆਰਥੀ ਨੂੰ ਦਿੱਤਾ ਗਿਆ ਸੀ। ਜੇ ਵਿਦਿਆਰਥੀ ਨੂੰ ਬਦਲਵੀਂ ਸੈਟਿੰਗ ਦੀ ਪੇਸ਼ਕਸ਼ ਕੀਤੀ ਜਾਂਦੀ ਹੈ ਅਤੇ ਇਹ ਸੈਟਿੰਗ ਖ਼ਾਰਜ ਕਰ ਦਿੱਤੀ ਜਾਂਦੀ ਹੈ, ਤਾਂ ਮੁਅੱਤਲੀ ਦੌਰਾਨ ਵਿਦਿਆਰਥੀ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਮਾਤਾ-ਪਿਤਾ/ਸਰਪ੍ਰਸਤ ਲੈਣਗੇ।

ਕੋਈ ਵੀ ਕੰਮ ਪੂਰਾ ਕਰਨ ਦੀ ਮੰਜ਼ੂਰੀ ਨਹੀਂ ਦਿੱਤੀ ਜਾਏਗੀ, ਜੇ:

- OSS ਵਾਪਸੀ ਦਾ ਕੰਮ ਦੱਸੀ ਗਈ ਤਾਰੀਖ਼ ਤੱਕ ਜਮ੍ਹਾ ਨਹੀਂ ਕਰਾਇਆ ਜਾਂਦਾ
- ਵਿਦਿਆਰਥੀ ਦੇ ਕਲਾਸ ਵਿਚ ਪਰਤਣ ਦੇ ਦਿਨ ਤੱਕ ISS/ISAP ਕੰਮ ਪੂਰਾ ਨਹੀਂ ਕੀਤਾ ਜਾਂਦਾ
- ਵਿਦਿਆਰਥੀ/ਮਾਤਾ-ਪਿਤਾ/ਸਰਪ੍ਰਸਤ (ਸਰਪ੍ਰਸਤਾਂ) ਨੇ AIP (ਬਦਲਵਾਂ ਸਾਲਸੀ ਪ੍ਰੋਗਰਾਮ) ਲੈਣ ਦੀ ਚੋਣ ਨਹੀਂ ਕੀਤੀ
- ਮੁਅੱਤਲੀ 55 ਸਕੂਲ ਦਿਨਾਂ ਤੋਂ ਵੱਧ ਹੈ

ਕੋਈ ਵਿਦਿਆਰਥੀ, ਜੋ ਸਕੂਲ ਤੋਂ ਮੁਅੱਤਲ ਹੈ, ਸਕੂਲ ਤੋਂ ਬਾਹਰੀ ਮੁਅੱਤਲੀ ਦੇ ਸਮੇਂ ਦੌਰਾਨ ਸਕੂਲ ਦੀ ਸੰਪਤੀ ਜਾਂ ਡਿਸਟ੍ਰਿਕਟ ਦੀ ਕਿਸੇ ਹੋਰ ਸੰਪਤੀ 'ਤੇ ਨਹੀਂ ਆ ਸਕਦਾ। ਇਸ ਤੋਂ ਅਲਾਵਾ, ਮੁਅੱਤਲ ਕੀਤਾ ਗਿਆ ਵਿਦਿਆਰਥੀ, ਮੁਅੱਤਲੀ ਦੀ ਮਿਆਦ ਦੌਰਾਨ ਜਾਂ ਤਾਂ ਕੈਮਪਸ ਵਿਚ ਜਾਂ ਕੈਮਪਸ ਤੋਂ ਬਾਹਰ ਨਾ ਤਾਂ ਪਾਠਕ੍ਰਮ ਤੋਂ ਬਾਹਰੀ ਕਿਸੇ ਸਰਗਰਮੀ ਵਿਚ ਹਿੱਸਾ ਲੈ ਸਕਦਾ ਹੈ, ਨਾ ਹੀ ਸ਼ਾਮਿਲ ਹੋ ਸਕਦਾ ਹੈ। ਆਪਣੀ ਸਕੂਲ ਤੋਂ ਬਾਹਰੀ ਮੁਅੱਤਲੀ ਪੂਰੀ ਕਰਨ ਤੋਂ ਬਾਅਦ, ਵਿਦਿਆਰਥੀ ਨੂੰ ਸਰਗਰਮੀਆਂ ਵਿਚ ਹਿੱਸਾ ਲੈਣ ਜਾਂ ਮੁਕਾਬਲਾ ਕਰਨ ਤੋਂ ਪਹਿਲਾਂ ਆਪਣੇ ਆਪ ਨੂੰ ਫਿਰ ਤੋਂ ਸਕੂਲ ਦਾ ਸਾਖ ਵਾਲਾ ਨਾਗਰਿਕ ਜ਼ਰੂਰ ਸਿੱਧ ਕਰਨਾ ਚਾਹੀਦਾ ਹੈ। ਹਾਲਾਂਕਿ, ਵਿਦਿਆਰਥੀ ਨੂੰ ਵਿਹਾਰ ਦੀ ਸੁਣਵਾਈ ਬਾਰੇ ਕਮੇਟੀ ਵਿਚ ਸ਼ਾਮਿਲ ਹੋਣ ਅਤੇ ਮਿੱਥੇ ਹੋਏ ਬਦਲਵੇਂ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਲਈ ਡਿਸਟ੍ਰਿਕਟ ਦੀ ਸੰਪਤੀ ਵਿਚ ਆਉਣ ਦੀ ਆਗਿਆ ਹੁੰਦੀ ਹੈ।

ਸਕੂਲ ਤੋਂ ਬਾਹਰੀ ਮੁਅੱਤਲੀ ਤੋਂ ਬਾਅਦ ਸਕੂਲ ਪਰਤਣ ਵਾਲੇ ਕਿਸੇ ਵੀ ਵਿਦਿਆਰਥੀ ਨੂੰ ਪ੍ਰਿੰਸੀਪਲ/ਡਿਜ਼ਾਈਨੀ ਦੀ ਸ਼ਮੂਲੀਅਤ, ਇਸ ਵਿਚ ਮਾਤਾ-ਪਿਤਾ/ਸਰਪ੍ਰਸਤ ਸ਼ਾਮਿਲ ਹੋ ਸਕਦੇ ਹਨ, ਵਾਲੀ ਮੀਟਿੰਗ ਵਿਚ ਫਿਰ ਤੋਂ ਜ਼ਰੂਰ ਸ਼ਾਮਿਲ ਹੋਣਾ ਚਾਹੀਦਾ ਹੈ।

**10 ਤੋਂ 180 ਦਿਨਾਂ ਲਈ ਸਕੂਲ ਤੋਂ ਬਾਹਰੀ ਮੁਅੱਤਲੀ**–ਸੁਪਰੀਟੈਂਡੈਂਟ/ਡਿਜ਼ਾਈਨੀ ਇਕ ਵਿਦਿਆਰਥੀ ਨੂੰ 180 ਸਕੂਲ ਦਿਨਾਂ ਤੱਕ ਲਈ ਮੁਅੱਤਲ ਕਰ ਸਕਦਾ ਹੈ ਅਤੇ ਸਿੱਖਿਆ ਬੋਰਡ ਨੂੰ ਲੰਮੀਆਂ ਮੁਅੱਤਲੀਆਂ ਅਤੇ ਸਕੂਲ ਤੋਂ ਕੱਢਣ ਦੀ ਸਿਫ਼ਾਰਸ਼ ਕਰ ਸਕਦਾ ਹੈ। ਇਕ ਸੌ ਅੱਸੀ (180) ਦਿਨਾਂ ਤੋਂ ਵੱਧ ਦੀਆਂ ਮੁਅੱਤਲੀਆਂ ਸਿਰਫ਼ ਬੋਰਡ ਲਾਗੂ ਕਰ ਸਕਦਾ ਹੈ। ਸ਼ੁਰੂਆਤੀ ਮੁਅੱਤਲੀ ਦੇ ਨਤੀਜੇ ਵਜੋਂ ਵਿਹਾਰ ਦਾ ਜਾਇਜ਼ਾ ਲੈਣ ਅਤੇ ਸਕੂਲ ਤੋਂ ਬਾਹਰ ਦੀਆਂ ਦੱਸ (10) ਦਿਨ ਤੋਂ ਵੱਧ ਦੀਆਂ ਮੁਅੱਤਲੀਆਂ ਅਤੇ/ਜਾਂ ਸਕੂਲ ਤੋਂ ਬਾਹਰ ਕੱਢਣ ਦੀ ਸਿਫ਼ਾਰਸ਼ ਕਰਨ ਲਈ ਵਿਹਾਰ ਦੀ ਸੁਣਵਾਈ ਬਾਰੇ ਕਮੇਟੀ ਦਾ ਪ੍ਰਬੰਧ ਕੀਤਾ ਜਾਏਗਾ।

# ਅਨੁਸ਼ਾਸਨ ਦੀਆਂ ਪਰਿਭਾਸ਼ਾਵਾਂ

**ਵਿਹਾਰ ਦੀ ਸੁਣਵਾਈ ਬਾਰੇ ਕਮੇਟੀ** -ਦੱਸ (10) ਦਿਨ ਤੋਂ ਵੱਧ ਦੀ ਕਿਸੇ ਵੀ ਸਕੂਲ ਤੋਂ ਬਾਹਰੀ ਮੁਅੱਤਲੀ ਨੂੰ ਲਾਗੂ ਕਰਨ ਤੋਂ ਪਹਿਲਾਂ ਵਿਹਾਰ ਦੀ ਸੁਣਵਾਈ ਬਾਰੇ ਕਮੇਟੀ ਦੀ ਮੀਟਿੰਗ ਹੋਏਗੀ। ਵਿਹਾਰ ਦੀ ਸੁਣਵਾਈ ਬਾਰੇ ਕਮੇਟੀ ਵਿਚ ਸੁਣਵਾਈ ਅਫ਼ਸਰ, ਪ੍ਰਿੰਸੀਪਲ/ਡਿਜ਼ਾਈਨੀ ਅਤੇ ਜਦੋਂ ਲੋੜ ਪੈਂਦੀ ਹੈ, ਤਾਂ ਸਕੂਲ ਜਾਂ ਡਿਸਟ੍ਰਿਕਟ ਦਾ ਹੋਰ ਅਮਲਾ ਹੋਏਗਾ। ਵਿਦਿਆਰਥੀ ਅਤੇ ਉਹਨਾਂ ਦੇ ਮਾਤਾ-ਪਿਤਾ/ਸਰਪ੍ਰਸਤ (ਸਰਪ੍ਰਸਤਾਂ) ਨੂੰ ਵਿਹਾਰ ਦੀ ਸੁਣਵਾਈ ਬਾਰੇ ਕਮੇਟੀ ਵਿਚ ਪੇਸ਼ ਹੋਣ ਦਾ ਮੌਕਾ ਮਿਲੇਗਾ। ਇਹ ਸੁਣਵਾਈ ਵਿਦਿਆਰਥੀ ਦੀ ਸ਼ੁਰੂਆਤੀ ਦੱਸ (10) ਸਕੂਲ ਦਿਨਾਂ ਦੀ ਮੁਅੱਤਲੀ ਦੌਰਾਨ ਹੋਏਗੀ। ਵਿਹਾਰ ਦੀ ਸੁਣਵਾਈ ਬਾਰੇ ਕਮੇਟੀ ਦੀਆਂ ਸੁਣਵਾਈਆਂ ਵਿਚ ਵਕੀਲਾਂ (ਮਾਤਾ-ਪਿਤਾ/ਸਰਪ੍ਰਸਤ ਤੋਂ ਛੁੱਟ ਕੋਈ ਹੋਰ, ਜੋ ਕਿ ਅਟਾੱਰਨੀ ਹੈ ਅਤੇ ਆਪਣੇ ਖ਼ੁਦ ਦੇ ਬੱਚੇ ਨਾਲ ਪੇਸ਼ ਹੋਇਆ ਹੈ) ਨੂੰ ਆਉਣ ਦੀ ਇਜਾਜ਼ਤ ਨਹੀਂ ਹੈ। ਵਿਹਾਰ ਦੀਆਂ ਸੁਣਵਾਈਆਂ ਬਾਰੇ ਕਮੇਟੀ ਵਿਚ ਰਿਕਾੱਰਡਿੰਗ ਦੇ ਉਪਕਰਣ ਲਿਆਉਣ ਦੀ ਇਜਾਜ਼ਤ ਨਹੀਂ ਹੈ, ਜਦ ਤੱਕ ਕਿ ਇਹ ਮਾਤਾ-ਪਿਤਾ/ਸਰਪ੍ਰਸਤ ਦੀ ਅਸਮਰੱਥਾ (ਅਪਾਹਜਪੁਣੇ) ਵਿਚ ਮਦਦ ਲਈ ਜ਼ਰੂਰੀ ਨਹੀਂ ਹੈ। ਮਦਦ ਵਜੋਂ ਰਿਕਾੱਰਡਿੰਗ ਦੇ ਉਪਕਰਣ ਦੀ ਵਰਤੋਂ ਕਰਨ ਦੀ ਲੋੜ ਬਾਰੇ ਨੋਟੀਫ਼ਿਕੇਸ਼ਨ ਵਿਦਿਆਰਥੀ ਦੀਆਂ ਸੇਵਾਵਾਂ ਬਾਰੇ ਵਿਭਾਗ ਨੂੰ ਸੁਣਵਾਈ ਤੋਂ ਘੱਟੋ-ਘੱਟ 48 ਘੰਟੇ ਪਹਿਲਾਂ ਜ਼ਰੂਰ ਮਿਲਣਾ ਚਾਹੀਦਾ ਹੈ।

ਇਕ ਵਿਦਿਆਰਥੀ, ਜਿਸ ਨੂੰ ਸੁਪਰੀਟੈਂਡੈਂਟ ਦੇ ਡਿਜ਼ਾਈਨੀ ਨੇ ਦੱਸ (10) ਦਿਨਾਂ ਤੋਂ ਵੱਧ ਲਈ ਸਕੂਲ ਤੋਂ ਮੁਅੱਤਲ ਕੀਤਾ ਹੈ, ਜੇ ਉਸ ਕੋਲ ਜਾਣਕਾਰੀ ਹੈ, ਜਿਸ ਬਾਰੇ ਉਸ ਨੂੰ ਲੱਗਦਾ ਹੈ ਕਿ ਸੁਣਵਾਈ ਵਿਚ ਇਸ ਬਾਰੇ ਵਿਚਾਰ ਨਹੀਂ ਕੀਤਾ ਗਿਆ ਸੀ, ਤਾਂ ਅਜਿਹੀ ਮੁਅੱਤਲੀ ਦਾ ਨੋਟਿਸ ਮਿਲਣ ਦੇ ਦੱਸ (10) ਦਿਨਾਂ ਦੇ ਅੰਦਰ ਉਹ ਵਿਹਾਰ ਬਾਰੇ ਕਮੇਟੀ ਦੇ ਨਿਰਣੇ ਬਾਰੇ ਸਕੂਲਾਂ ਬਾਰੇ ਸੁਪਰੀਟੈਂਡੈਂਟ ਨੂੰ ਅਪੀਲ ਦੀ ਬੇਨਤੀ ਕਰ ਸਕਦਾ ਹੈ। ਅਜਿਹੀ ਬੇਨਤੀ, ਅਪੀਲ ਲਈ ਬੇਨਤੀ ਦੀ ਤੈਅ ਤਾਰੀਖ਼ ਨੂੰ ਸ਼ਾਮੀਂ 4:30 ਵਜੇ ਤੋਂ ਪਹਿਲਾਂ ਸੁਪਰੀਟੈਂਡੈਂਟ ਦੇ ਦਫ਼ਤਰ ਵਿਚ ਜ਼ਰੂਰ ਪਹੁੰਚਣੀ ਚਾਹੀਦੀ ਹੈ। ਸਕੂਲਾਂ ਬਾਰੇ ਸੁਪਰੀਟੈਂਡੈਂਟ ਨਾਲ ਅਪੀਲ ਸਬੰਧੀ ਮੀਟਿੰਗ ਵਿਚ ਅਟਾੱਰਨੀਆਂ ਨੂੰ ਸ਼ਾਮਿਲ ਹੋਣ ਦੀ ਇਜਾਜ਼ਤ ਨਹੀਂ ਹੈ।

ਜੇ ਵਿਦਿਆਰਥੀ ਦੇ ਮਾਤਾ-ਪਿਤਾ/ਸਰਪ੍ਰਸਤ ਸਕੂਲਾਂ ਬਾਰੇ ਸੁਪਰੀਟੈਂਡੈਂਟ ਦੇ ਫ਼ੈਸਲੇ ਨਾਲ ਅਸਹਿਮਤ ਹਨ, ਤਾਂ ਸਿੱਖਿਆ ਬੋਰਡ ਸਾਹਮਣੇ ਸੁਣਵਾਈ ਦੀ ਬੇਨਤੀ ਕੀਤੀ ਜਾ ਸਕਦੀ ਹੈ। ਅਜਿਹੀ ਸੁਣਵਾਈ ਦੀ ਬੇਨਤੀ ਕਰਨ ਵਾਲੇ ਵਿਦਿਆਰਥੀ ਨੂੰ ਉਸ ਖ਼ਿਲਾਫ਼ ਲਾਏ ਗਏ ਇਲਜ਼ਾਮਾਂ; ਸੁਣਵਾਈ ਦੇ ਸਮੇਂ, ਤਾਰੀਖ਼ ਅਤੇ ਥਾਂ; ਅਤੇ ਵਕੀਲ ਵਲੋਂ ਨੁਮਾਇੰਦਗੀ ਕੀਤੇ ਜਾਣ ਦੇ ਵਿਦਿਆਰਥੀ ਦੇ ਹੱਕ, ਗੁਆਹਾਂ ਨੂੰ ਬੁਲਾਉਣ ਅਤੇ ਜਿਰ੍ਹਾ ਕਰਨ ਅਤੇ ਵਿਦਿਆਰਥੀ ਦੇ ਬਚਾਅ ਵਿਚ ਹੋਰ ਸਬੂਤ ਪੇਸ਼ ਕਰਨ ਲਈ ਲਿਖਤ ਵਿਚ ਦੱਸਿਆ ਜਾਏਗਾ।

**ਵਿਸ਼ੇਸ਼ ਸਿੱਖਿਆ *(ਅਪਾਹਜ(ਅਪੰਗ) ਵਿਦਿਆਰਥੀ)* ਅਨੁਸ਼ਾਸਨ ਦਾ ਪ੍ਰਬੰਧ** - ਇਸ ਸਮੇਂ ਵਿਸ਼ੇਸ਼ ਸਿੱਖਿਆ ਸੇਵਾਵਾਂ ਲੈ ਰਹੇ ਵਿਦਿਆਰਥੀਆਂ ਨੂੰ ਸਟੇਟ ਅਤੇ ਫ਼ੈਡਰਲ ਫ਼ਰਮਾਨਾਂ ਅਨੁਸਾਰ ਅਨੁਸ਼ਾਸਨ ਹੇਠ ਲਿਆਂਦਾ ਜਾਏਗਾ। ਅਜਿਹੇ ਮਾਮਲਿਆਂ, ਜਿੱਥੇ ਅਸਮਰੱਥ (ਅਪਾਹਜ) ਵਿਦਿਆਰਥੀਆਂ ਦੀ ਵਿਹਾਰ ਦੀ ਸੁਣਵਾਈ ਬਾਰੇ ਕਮੇਟੀ ਲਈ ਸਿਫ਼ਾਰਸ਼ ਕੀਤੀ ਜਾਂਦੀ ਹੈ ਅਤੇ ਸੁਣਵਾਈ ਦੇ ਨਤੀਜਿਆਂ ਵਿਚ 10 ਸਕੂਲ ਦਿਨਾਂ ਦੀ ਮੁਅੱਤਲੀ ਸ਼ਾਮਿਲ ਹੁੰਦੀ ਹੈ, ਤਾਂ ਵਿਹਾਰ ਦੀ ਸੁਣਵਾਈ ਬਾਰੇ ਕਮੇਟੀ, ਉਲੰਘਣਾ ਵਿਦਿਆਰਥੀ ਦੀ ਅਸਮਰੱਥਾ ਨਾਲ ਸਬੰਧਿਤ ਹੈ ਜਾਂ ਨਹੀਂ ਦਾ ਪਤਾ ਲਾਉਣ ਲਈ ਐਲਾਨਨਾਮੇ ਦਾ ਨਿਰਣਾ ਕਰਨ ਸਬੰਧੀ ਮੀਟਿੰਗ ਕਰੇਗੀ।

**ਹਾਈ ਸਕੂਲ ਦੇ ਵਿਦਿਆਰਥੀਆਂ ਲਈ A+ ਨਾਗਰਿਕਤਾ ਪਾੱਲਿਸੀ**

ਫ਼੍ਰਾਂਸਿਸ ਹੌਵੈਲ ਸਕੂਲ ਡਿਸਟ੍ਰਿਕਟ A+ ਸਲਾਹਕਾਰੀ ਕਮੇਟੀ ਦਾ ਮੰਨਣਾ ਹੈ ਕਿ A+ ਦਰਜੇ ਨਾਲ ਗ੍ਰੈਜੁਏਟਿੰਗ ਕਰ ਰਹੇ ਵਿਦਿਆਰਥੀ ਲਈ ਚੰਗੀ ਨਾਗਰਿਕਤਾ ਸਰਬੋਤਮ ਹੈ। A+ ਪ੍ਰੋਗਰਾਮ ਵਿਚ ਹਿੱਸਾ ਲੈ ਰਹੇ ਵਿਦਿਆਰਥੀ, ਜਿਹਨਾਂ ਨੂੰ ਮੁਅੱਤਲੀਆਂ ਮਿਲੀਆਂ ਹਨ, ਦੀ ਯੋਗਤਾ ਖ਼ਤਰੇ ਵਿਚ ਹੁੰਦੀ ਹੈ। ਪੂਰੇ ਚਾਰ ਸਾਲ ਨਾਗਰਿਕਤਾ ਰਿਕਾੱਰਡ ਦਾ ਹਿੱਸਾ ਹਨ। A+ਪ੍ਰੋਗਰਾਮ ਵਿਚੋਂ ਹਟਾਉਣ ਦੇ ਹੇਠਾਂ ਦਿੱਤੇ ਨਤੀਜੇ ਹੋਣਗੇ:

- ਵਿਦਿਆਰਥੀ ਦੇ ਹਾਈ ਸਕੂਲ ਕੈਰੀਅਰ (ਗ੍ਰੇਡ 9- 12) ਦੌਰਾਨ ਸਕੂਲ ਵਿਚ ਅਤੇ/ਜਾਂ ਸਕੂਲ ਤੋਂ ਬਾਹਰੀ ਮੁਅੱਤਲੀਆਂ 5 ਜਾਂ ਵੱਧ ਵਾਰੀ ਵਾਪਰਣੀਆਂ।
- ਕੋਈ ਵੀ ਮੁਅੱਤਲੀ, ਜਿਸ ਕਰਕੇ 10 ਜਾਂ ਵੱਧ ਦਿਨਾਂ ਲਈ ਸਕੂਲ ਤੋਂ ਬਾਹਰੀ ਮੁਅੱਤਲੀ ਹੋਈ ਹੈ।

**A+ ਅਪੀਲ ਸਬੰਧੀ ਕਾਰਵਾਈ**

ਹਾਜ਼ਰੀ ਜਾਂ ਨਾਗਰਿਕਤਾ ਸਬੰਧੀ ਉਲੰਘਣਾ ਬਾਰੇ ਨੋਟਿਸ ਮਿਲਣ ਤੋਂ ਬਾਅਦ ਵਿਦਿਆਰਥੀ ਅਤੇ/ਜਾਂ ਮਾਤਾ-ਪਿਤਾ/ਸਰਪ੍ਰਸਤ ਨੂੰ A+ ਅਪੀਲ ਕਰਨ ਦਾ ਹੱਕ ਹੈ। ਚਿੰਤਾ ਜਾਂ ਅਯੋਗਤਾ ਦੇ ਮਾਮਲਿਆਂ ਵਿਚ:

- ਚਿੰਤਾ ਜਾਂ ਅਯੋਗਤਾ ਬਾਰੇ ਗੱਲਬਾਤ ਕਰਨ ਦੇ ਆਪਣੇ ਇਰਾਦੇ ਬਾਰੇ ਦੱਸਣ ਲਈ ਵਿਦਿਆਰਥੀ ਅਤੇ ਮਾਤਾ-ਪਿਤਾ/ਸਰਪ੍ਰਸਤ ਨੂੰ A+ ਕੋਆੱਰਡੀਨੇਟਰ ਨੂੰ ਲਿਖਤੀ ਰੂਪ ਵਿਚ ਜ਼ਰੂਰ ਦੱਸਣਾ ਚਾਹੀਦਾ ਹੈ।
- A+ ਕੋਆੱਰਡੀਨੇਟਰ ਯੋਗਤਾ ਲਈ ਵਿਚਾਰ-ਚਰਚਾ ਕਰਨ ਵਾਸਤੇ A+ ਅਪੀਲਾਂ ਬਾਰੇ ਕਮੇਟੀ ਦੀ ਮੀਟਿੰਗ ਦਾ ਪ੍ਰਬੰਧ ਕਰੇਗਾ।
- A+ ਅਪੀਲਾਂ ਬਾਰੇ ਕਮੇਟੀ ਬੇਨਤੀ ਸੁਣੇਗੀ ਅਤੇ ਵਿਦਿਆਰਥੀ ਅਤੇ ਮਾਤਾ-ਪਿਤਾ/ਸਰਪ੍ਰਸਤ ਨੂੰ ਆਪਣਾ ਫ਼ੈਸਲਾ ਭੇਜੇਗੀ।

ਅਪੀਲ ਲਈ ਬੇਨਤੀ ਕਰ ਰਹੇ ਕਿਸੇ ਵੀ ਵਿਅਕਤੀ ਨੂੰ "A+ ਅਪੀਲ" ਫ਼ਾਰਮ ਭਰਨਾ ਚਾਹੀਦਾ ਹੈ, ਜੋ ਕਿ ਵਿਦਿਆਰਥੀ ਦੇ ਹਾਈ ਸਕੂਲ ਵਿਖੇ A+ ਕੋਆੱਰਡੀਨੇਟਰ ਤੋਂ ਮਿਲਦਾ ਹੈ। ਜਾਇਜ਼ਾ ਕਮੇਟੀ ਵਲੋਂ ਫ਼ੈਸਲਾ ਕਰਨ ਤੋਂ ਬਾਅਦ A+ ਕੋਆੱਰਡੀਨੇਟਰ ਮਾਤਾ-ਪਿਤਾ/ਸਰਪ੍ਰਸਤ (ਸਰਪ੍ਰਸਤਾਂ) ਨੂੰ ਦੱਸੇਗਾ।

# ਅਨੁਸ਼ਾਸਨ ਦੀਆਂ ਪਰਿਭਾਸ਼ਾਵਾਂ

**ਸਕੂਲ ਤੋਂ ਕੱਢਣਾ** – ਬਾਹਰ ਕੱਢਣ ਦਾ ਮਤਲਬ ਸਕੂਲ ਤੋਂ ਪੱਕੇ ਤੌਰ 'ਤੇ ਕੱਢਣਾ। ਲੰਮੀ-ਮਿਆਦ ਤੱਕ ਮੁਅੱਤਲੀ ਲਾਗੂ ਕਰਨ ਤੋਂ ਅਲਾਵਾ, ਸਕੂਲਾਂ ਬਾਰੇ ਸੁਪਰੀਟੈਂਡੈਂਟ ਸਿੱਖਿਆ ਬੋਰਡ ਨੂੰ ਸੁਝਾਅ ਦੇ ਸਕਦਾ ਹੈ ਕਿ ਵਿਦਿਆਰਥੀ ਨੂੰ ਸਕੂਲ ਵਿਚੋਂ ਕੱਢਿਆ ਜਾਏ। ਬੋਰਡ ਅਜਿਹੀਆਂ ਸਿਫ਼ਾਰਸ਼ਾਂ ਦਾ ਜਾਇਜ਼ਾ ਲਏਗਾ ਅਤੇ ਸਕੂਲ ਤੋਂ ਕੱਢਣ ਸਬੰਧੀ ਸੁਣਵਾਈ ਦੀ ਕਾਰਵਾਈ ਕਰਨ ਜਾਂ ਨਾ ਕਰਨ ਦਾ ਫ਼ੈਸਲਾ ਕਰਦਾ ਹੈ। ਜੇ ਸਿੱਖਿਆ ਬੋਰਡ ਸਕੂਲ ਤੋਂ ਕੱਢਣ ਸਬੰਧੀ ਸੁਣਵਾਈ ਦੀ ਕਾਰਵਾਈ ਕਰਦਾ ਹੈ, ਤਾਂ ਵਿਦਿਆਰਥੀ ਖ਼ਿਲਾਫ਼ ਲਾਏ ਗਏ ਇਲਜ਼ਾਮਾਂ; ਸੁਣਵਾਈ ਦੇ ਸਮੇਂ, ਤਾਰੀਖ਼ ਅਤੇ ਥਾਂ; ਅਤੇ ਵਕੀਲ ਵਲੋਂ ਨੁਮਾਇੰਦਗੀ ਕੀਤੇ ਜਾਣ ਦੇ ਵਿਦਿਆਰਥੀ ਦੇ ਹੱਕ, ਗੁਆਹਾਂ ਨੂੰ ਬੁਲਾਉਣ ਅਤੇ ਜਿਰ੍ਹਾ ਕਰਨ ਅਤੇ ਵਿਦਿਆਰਥੀ ਦੇ ਬਚਾਅ ਵਿਚ ਹੋਰ ਸਬੂਤ ਪੇਸ਼ ਕਰਨ ਲਈ ਵਿਦਿਆਰਥੀ ਅਤੇ ਮਾਤਾ-ਪਿਤਾ/ਸਰਪ੍ਰਸਤ (ਸਰਪ੍ਰਸਤਾਂ) ਨੂੰ ਲਿਖਤ ਵਿਚ ਦੱਸਿਆ ਜਾਏਗਾ। ਸਿੱਖਿਆ ਬੋਰਡ ਸਾਹਮਣੇ ਸੁਣਵਾਈ ਤੋਂ ਬਿਨਾ ਕਿਸੇ ਵੀ ਵਿਦਿਆਰਥੀ ਨੂੰ ਕੱਢਿਆ ਨਹੀਂ ਜਾਏਗਾ।

ਡਿਸਟ੍ਰਿਕਟ ਦੀ ਪਾੱਲਿਸੀ 2660 ਅਨੁਸਾਰ, ਜਦ ਤੱਕ ਡਿਸਟ੍ਰਿਕਟ ਸੰਭਵ ਮੁੜ-ਦਾਖ਼ਲੇ ਬਾਰੇ ਵਿਚਾਰ ਕਰਨ ਲਈ ਮੀਟਿੰਗ ਨਹੀਂ ਕਰਦੀ, ਤਾਂ ਇਸ ਡਿਸਟ੍ਰਿਕਟ ਜਾਂ ਕਿਸੇ ਹੋਰ ਸਕੂਲ ਡਿਸਟ੍ਰਿਕਟ ਤੋਂ ਮੁਅੱਤਲ ਜਾਂ ਸਕੂਲ ਤੋਂ ਕੱਢਣ ਤੋਂ ਬਾਅਦ ਕਿਸੇ ਵੀ ਵਿਦਿਆਰਥੀ ਨੂੰ ਮੁੜ ਦਾਖ਼ਲ ਕਰਨ ਜਾਂ ਨਾਂ ਰਜਿਸਟਰ (ਕਾਨੂੰਨ ਵਲੋਂ ਲੋੜੀਂਦੇ ਅਨੁਸਾਰ ਛੱਡਕੇ) ਕਰਾਉਣ ਦੀ ਆਗਿਆ ਨਹੀਂ ਦਿੱਤੀ ਜਾਏਗੀ। ਮੀਟਿੰਗ ਦੌਰਾਨ, ਹਿੱਸਾ ਲੈਣ ਵਾਲੇ ਵਿਅਕਤੀ ਵਿਹਾਰ ਬਾਰੇ ਵਿਚਾਰ-ਚਰਚਾ ਕਰਨਗੇ, ਜਿਸ ਕਰਕੇ ਅਨੁਸ਼ਾਸਨ ਅਤੇ ਕਿਸੇ ਹੋਰ ਉਪਾਅ ਸਬੰਧੀ ਕਾਰਵਾਈਆਂ ਕੀਤੀਆਂ ਜਾਂਦੀਆਂ ਹਨ, ਜਿਹਨਾਂ ਬਾਰੇ ਮੰਨਿਆ ਜਾਂਦਾ ਹੈ ਕਿ ਭਵਿੱਖ ਵਿਚ ਅਜਿਹਾ ਵਿਹਾਰ ਵਾਪਰਣ ਤੋਂ ਰੋਕਣ ਲਈ ਇਹ ਜ਼ਰੂਰੀ ਹੈ।

ਹਾਲਾਂਕਿ, ਕਿਸੇ ਵੀ ਵਿਦਿਆਰਥੀ ਨੂੰ ਮੁੜ-ਦਾਖ਼ਲ ਜਾਂ ਰਜਿਸਟਰਡ ਨਹੀਂ ਕੀਤਾ ਜਾਏਗਾ, ਜੇ ਵਿਦਿਆਰਥੀ ਨੂੰ ਸਜ਼ਾ ਹੋਈ ਸੀ, ਅੰਤਮ ਨਿਰਣੇ ਤੋਂ ਬਿਨਾ ਇਕ ਬਾਲਗ਼ ਜਾਂ ਨਾਬਾਲਗ਼ ਵਾਂਗ ਇਲਜ਼ਾਮ ਲੱਗਿਆ ਸੀ ਜਾਂ ਨਾਬਾਲਗ਼ ਸਬੰਧੀ ਵਿਹਾਰ ਦੀ ਸਜ਼ਾ ਹੋਈ ਸੀ, ਜਿਸ ਵਿਚ ਇਕ ਬਾਲਗ਼ ਵਜੋਂ ਇਲਜ਼ਾਮ ਲੱਗਿਆ ਸੀ, ਤਾਂ ਹੇਠਾਂ ਦਿੱਤੇ ਜੁਰਮਾਂ ਵਿਚੋਂ ਇਕ ਤੈਅ ਕੀਤਾ ਜਾਏਗਾ:

- ਪਹਿਲੀ ਡਿਗ੍ਰੀ ਦਾ ਕਤਲ (ਮਿਸੂਰੀ ਸੋਧਿਆ ਗਿਆ ਕਾਨੂੰਨ § 536.020)
- ਦੂਜੀ ਡਿਗ੍ਰੀ ਦਾ ਕਤਲ (ਮਿਸੂਰੀ ਸੋਧਿਆ ਗਿਆ ਕਾਨੂੰਨ § 565.021)
- ਪਹਿਲੀ ਡਿਗ੍ਰੀ ਦਾ ਹਮਲਾ (ਮਿਸੂਰੀ ਸੋਧਿਆ ਗਿਆ ਕਾਨੂੰਨ § 565.050)
- ਜ਼ਬਰੀ ਬਲਾਤਕਾਰ (ਮਿਸੂਰੀ ਸੋਧਿਆ ਗਿਆ ਕਾਨੂੰਨ § 566.030)
- ਜ਼ਬਰੀ ਬਦਫ਼ੈਲੀ (ਮਿਸੂਰੀ ਸੋਧਿਆ ਗਿਆ ਕਾਨੂੰਨ § 566.060)
- ਪਹਿਲੀ ਡਿਗ੍ਰੀ ਵਿਚ ਡਕੈਤੀ (ਮਿਸੂਰੀ ਸੋਧਿਆ ਗਿਆ ਕਾਨੂੰਨ § 570.023)
- ਨਾਬਾਲਗ਼ ਨੂੰ ਨਸ਼ੀਲੀਆਂ ਦਵਾਈਆਂ ਦੇਣੀਆਂ (ਮਿਸੂਰੀ ਸੋਧਿਆ ਗਿਆ ਕਾਨੂੰਨ § 579.020)
- ਪਹਿਲੀ ਡਿਗ੍ਰੀ ਵਿਚ ਅੱਗ ਲਾਉਣੀ (ਮਿਸੂਰੀ ਸੋਧਿਆ ਗਿਆ ਕਾਨੂੰਨ § 569.040)
- ਕਲਾਸ A ਸੰਗੀਨ ਜੁਰਮ ਵਜੋਂ ਅਗ਼ਵਾ ਕਰਨਾ (ਮਿਸੂਰੀ ਸੋਧਿਆ ਗਿਆ ਕਾਨੂੰਨ § 565.110)
- ਵਿਧਾਨਕ ਬਲਾਤਕਾਰ (ਮਿਸੂਰੀ ਸੋਧਿਆ ਗਿਆ ਕਾਨੂੰਨ § 566.032)
- ਵਿਧਾਨਕ ਬਦਫ਼ੈਲੀ (ਮਿਸੂਰੀ ਸੋਧਿਆ ਗਿਆ ਕਾਨੂੰਨ § 566.062)

# ਬੱਸ ਸਬੰਧੀ ਸੇਧਾਂ




ਫ੍ਰਾਂਸਿਸ ਹੋਵੈਲ ਦੇ ਬੱਸ ਡ੍ਰਾਈਵਰਾਂ ਨੂੰ ਡਿਸਟ੍ਰਿਕਟ ਦੀਆਂ ਬੱਸਾਂ ਵਿਚ ਸੁਰੱਖਿਅਤ ਅਤੇ ਸੰਗਠਿਤ ਮਾਹੌਲ ਬਣਾਈ ਰੱਖਣ ਦੀ ਜ਼ਿੰਮੇਵਾਰੀ ਨਾਲ ਤਿਆਰ ਕੀਤਾ ਗਿਆ ਹੈ।

ਡਿਸਟ੍ਰਿਕਟ ਦੀਆਂ ਬੱਸਾਂ 'ਤੇ ਚੜ੍ਹਣ ਵਾਲੇ ਵਿਦਿਆਰਥੀ ਤੋਂ ਉਮੀਦ ਕੀਤੀਆਂ ਜਾਂਦੀਆਂ ਗੱਲਾਂ ਦੀ ਸੂਚੀ ਹੇਠਾਂ ਦਿੱਤੀ ਗਈ ਹੈ:

ਵਿਦਿਆਰਥੀ ਦੇ ਵਿਹਾਰ ਦੇ ਜ਼ਾਬਤੇ ਵਿਚਲੀਆਂ ਸਾਰੀਆਂ ਉਮੀਦਾਂ ਦੀ ਪਾਲਣਾ ਕਰਨੀ

- ਬੱਸ ਡ੍ਰਾਈਵਰ ਦੀਆਂ ਹਿਦਾਇਤਾਂ ਦੀ ਪਾਲਣਾ ਕਰਨੀ
- ਬੱਸ ਵਿਚ ਸਾਹਮਣੇ ਵਲ ਮੂੰਹ ਕਰਕੇ ਬਹਿਣਾ
- ਇਕ-ਦੂਜੇ ਵਿਚਕਾਰ ਉਮੀਦ ਕੀਤੀ ਜਾਂਦੀ ਦੂਰੀ ਬਣਾਈ ਰੱਖਣੀ
- ਮਿੱਥੇ ਹੋਏ ਸਟਾੱਪਾਂ 'ਤੇ ਮਿੱਥੀ ਹੋਈ ਬੱਸ 'ਤੇ ਚੜ੍ਹਣਾ ਅਤੇ ਉਤਰਣਾ
- ਸਰੀਰ ਦੇ ਸਾਰੇ ਹਿੱਸਿਆਂ ਅਤੇ ਸਾਰੇ ਸਮਾਨ ਨੂੰ ਬੱਸ ਦੇ ਅੰਦਰ ਹੀ ਰੱਖਣਾ
- ਹੋਰਨਾਂ ਨਾਲ ਸਤਿਕਾਰ ਵਾਲਾ ਵਿਹਾਰ ਕਰਨਾ (ਜ਼ਬਾਨੀ ਅਤੇ ਸਰੀਰਕ ਤੌਰ ਦੋਹਾਂ 'ਤੇ)
- ਬੱਸ ਵਿਚ ਸਤਿਕਾਰ ਵਾਲਾ ਵਿਹਾਰ (ਕੋਈ ਸਰੀਰਕ ਨੁਕਸਾਨ ਨਹੀਂ ਕਰਨਾ, ਗੰਦ ਨਹੀਂ ਪਾਉਣਾ, ਚੀਜ਼ਾਂ ਨਹੀਂ ਸੁੱਟਣੀਆਂ, ਕੁਝ ਖਾਣਾ/ਪੀਣਾ ਨਹੀਂ)
- ਆਪਣੀ ਮਿੱਥੀ ਹੋਈ ਬੱਸ 'ਤੇ ਚੜ੍ਹਣਾ

ਧਿਆਨ ਦਿਓ: ਕਿਸੇ ਵੀ ਸਮੇਂ ਕੈਮਰਿਆਂ ਨਾਲ ਸਾਰੀਆਂ ਬੱਸਾਂ ਦੀ ਨਿਗਰਾਨੀ ਕੀਤੀ ਜਾ ਸਕਦੀ ਹੈ।

**ਸੁਰੱਖਿਅਤ ਮਾਹੌਲ ਬਣਾਈ ਰੱਖਣ ਅਤੇ ਮੁਹੱਈਆ ਕਰਾਉਣ ਲਈ, ਬੱਸ ਡ੍ਰਾਈਵਰ ਹੇਠਾਂ ਦਿੱਤੀਆਂ ਕਾਰਵਾਈਆਂ ਵਿਚੋਂ ਕੋਈ ਵੀ ਕਾਰਵਾਈ ਕਰ ਸਕਦਾ ਹੈ:**

- ਵਿਦਿਆਰਥੀ ਨਾਲ ਮੀਟਿੰਗ ਸ਼ੁਰੂ ਕਰਨੀ
- ਪ੍ਰਿੰਸੀਪਲ/ਡਿਜ਼ਾਈਨੀ ਨਾਲ ਮੀਟਿੰਗ ਸ਼ੁਰੂ ਕਰਨੀ
- ਵਿਦਿਆਰਥੀਆਂ ਨੂੰ ਨੇਮਾਂ ਦੀ ਪਾਲਣਾ ਕਰਨ ਲਈ ਕਹਿਣਾ
- ਬੱਸ ਸੀਟਾਂ ਮਿੱਥਣੀਆਂ
- ਬੱਸ ਟਿਕਟ ਦੀਆਂ ਚਿਤਾਵਨੀਆਂ ਦੇਣੀਆਂ
- ਬੱਸ ਟਿਕਟਾਂ ਦੇਣੀਆਂ

**ਡਿਸਟ੍ਰਿਕਟ ਮੰਨਦੀ ਹੈ ਕਿ ਬੱਸ ਕਲਾਸਰੂਮ ਦਾ ਪਸਾਰ ਹੈ; ਇਸ ਲਈ ਬੱਸ ਵਿਚ ਦੁਰਵਿਹਾਰ ਦੇ ਨਤੀਜੇ ਭੁਗਤਣਗੇ ਪੈਣਗੇ। ਨਤੀਜਿਆਂ ਵਿਚ ਬੱਸ ਤੋਂ ਮੁਅੱਤਲੀ ਸ਼ਾਮਿਲ ਹੋ ਸਕਦੀ ਹੈ।** ਅਜਿਹੇ ਮਾਮਲਿਆਂ, ਜਿੱਥੇ ਉਲੰਘਣਾ ਗੰਭੀਰ ਹੈ ਅਤੇ/ਜਾਂ ਵਿਦਿਆਰਥੀਆਂ ਦੀ ਆਮ ਸੁਰੱਖਿਆ ਲਈ ਖ਼ਤਰਾ ਹੈ, ਤਾਂ ਮਾਮਲਾ ਫ਼ੌਰਨ ਪ੍ਰਿੰਸੀਪਲ/ਡਿਜ਼ਾਈਨੀ ਨੂੰ ਭੇਜਿਆ ਜਾਏਗਾ। ਜੇ ਲੋੜ ਪੈਂਦੀ ਹੈ, ਤਾਂ ਪ੍ਰਿੰਸੀਪਲ/ਡਿਜ਼ਾਈਨੀ ਨੂੰ ਬਦਲਵਾਂ ਅਨੁਸ਼ਾਸਨੀ ਪਲਾਨ ਲਾਗੂ ਕਰਨ/ਤਿਆਰ ਕਰਨ ਦਾ ਅਖ਼ਤਿਆਰ ਹੈ। ਬੇਨਤੀ ਕੀਤੇ ਜਾਣ ਜਾਂ ਜਦੋਂ ਲੱਗਦਾ ਹੈ ਕਿ ਲੋੜ ਹੈ, ਤਾਂ ਟ੍ਰਾਂਸਪੋਰਟੇਸ਼ਨ ਬਾਰੇ ਡਿਸਟ੍ਰਿਕਟ ਡਾਇਰੈਕਟਰ ਅਤੇ ਟ੍ਰਾਂਸਪੋਰਟੇਸ਼ਨ ਬਾਰੇ ਸੁਰੱਖਿਆ ਮੈਨੇਜਰ, ਪ੍ਰਿੰਸੀਪਲ/ਡਿਜ਼ਾਈਨੀ ਨਾਲ ਮੀਟਿੰਗ ਕਰੇਗਾ।

# ਸਰੀਰਕ ਸਜ਼ਾ: ਮਨਾਹੀ

ਡਿਸਟ੍ਰਿਕਟ ਪਾੱਲਿਸੀ 2670 ਦੱਸਦੀ ਹੈ: ਡਿਸਟ੍ਰਿਕਟ ਲਈ ਨੌਕਰੀ ਕਰ ਰਿਹਾ ਜਾਂ ਵਾੱਲੰਟਰੀ ਕੰਮ ਕਰ ਰਿਹਾ ਕੋਈ ਵੀ ਵਿਅਕਤੀ ਡਿਸਟ੍ਰਿਕਟ ਦੇ ਸਕੂਲਾਂ ਵਿਚ ਜਾ ਰਹੇ ਵਿਦਿਆਰਥੀਆਂ ਨੂੰ ਸਰੀਰਕ ਸਜ਼ਾ ਨਹੀਂ ਦਏਗਾ ਜਾਂ ਸਜ਼ਾ ਦੇਣ ਦਾ ਕਾਰਣ ਨਹੀਂ ਬਣੇਗਾ।

ਜੇ ਸਵੈ-ਸੁਰੱਖਿਆ, ਆਦੇਸ਼ ਨੂੰ ਬਣਾਈ ਰੱਖਣ ਜਾਂ ਹੋਰਨਾਂ ਵਿਅਕਤੀਆਂ ਜਾਂ ਡਿਸਟ੍ਰਿਕਟ ਦੀ ਸੰਪਤੀ ਦੀ ਰਾਖੀ ਲਈ ਇੰਜ ਕਰਨਾ ਜ਼ਰੂਰੀ ਹੈ, ਤਾਂ ਡਿਸਟ੍ਰਿਕਟ ਦਾ ਮੁਲਾਜ਼ਮ, ਪ੍ਰਿੰਸੀਪਲ/ਡਿਜ਼ਾਈਨੀ ਨੂੰ ਅਗਾਊਂ ਨੋਟਿਸ ਦਿੱਤੇ ਬਿਨਾ ਵਿਦਿਆਰਥੀ ਖ਼ਿਲਾਫ਼ ਢੁਕਵਾਂ ਸੰਜਮ ਰੱਖਣ ਦੀ ਵਰਤੋਂ ਕਰ ਸਕਦਾ ਹੈ।



# ਨੈਟਵਰਕ ਅਤੇ ਇੰਟਰਨੈਟ ਦੀ ਢੁਕਵੀਂ ਵਰਤੋਂ ਬਾਰੇ ਸੇਧਾਂ

ਵਿਦਿਆਰਥੀਆਂ, ਅਧਿਆਪਕਾਂ, ਸਟਾਫ਼, ਮਾਤਾ-ਪਿਤਾ/ਸਰਪ੍ਰਸਤ (ਸਰਪ੍ਰਸਤਾਂ) ਅਤੇ ਪ੍ਰਸ਼ਾਸਕਾਂ ਲਈ ਫ੍ਰਾਂਸਿਸ ਹੌਵੈਲ ਸਕੂਲ ਡਿਸਟ੍ਰਿਕਟ (FHSD) ਵਿਚਲੇ ਇੰਟਰਨੈਟ ਤੱਕ ਪਹੁੰਚ ਉਪਲਬਧ ਹੈ। ਵਿਦਿਆਰਥੀਆਂ ਨੂੰ ਡਿਸਟ੍ਰਿਕਟ ਦੀ ਪਾੱਲਿਸੀ 6320 ਅਨੁਸਾਰ FHSD ਸੰਚਾਰਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਵਿਦਿਆਰਥੀਆਂ ਨੂੰ ਪਾਠਕ੍ਰਮ ਸਬੰਧੀ ਜਾਣਕਾਰੀ ਅਤੇ ਖੋਜ ਦੇ ਵਿਸ਼ਿਆਂ ਅਤੇ ਪੜ੍ਹਾਈ-ਲਿਖਾਈ ਵਿਚ ਨਵੇਂ ਵਿਚਾਰਾਂ ਨੂੰ ਉਤਸਾਹ ਦੇਣ ਵਾਲੇ ਵਿਚਾਰਾਂ ਤੱਕ ਪਹੁੰਚ ਕਰਨ ਦੀ ਆਗਿਆ ਹੈ।

ਸਰਕਾਰੀ ਅਤੇ ਨਿਜੀ ਨੈਟਵਰਕਾਂ, ਦੋਹਾਂ 'ਤੇ ਮਿਲਣ ਵਾਲੇ ਜਾਣਕਾਰੀ ਦੇ ਭੰਡਾਰ ਰਾਹੀਂ ਇਲੈਕਟ੍ਰੌਨਿਕ ਤੌਰ 'ਤੇ ਸੰਚਾਰ ਅਤੇ ਨੈਵੀਗੇਟ ਕਿਵੇਂ ਕੀਤਾ ਜਾਏ, ਬਾਰੇ ਸਿੱਖਣਾ ਜਾਣਕਾਰੀ ਸਾਖਰਤਾ ਦੀਆਂ ਮੁਹਾਰਤਾਂ ਹਨ, ਜੋ 21ਵੀਂ ਸਦੀ ਵਿਚ ਵਿਦਿਆਰਥੀ ਦੀ ਪ੍ਰਾਪਤੀ ਵਿਚ ਮਦਦ ਕਰਦੀਆਂ ਹਨ। ਕੁਝ ਘਟਨਾਵਾਂ ਵਿਚ, ਜੇ ਕਲਾਸਰੂਮ ਅਧਿਆਪਕ ਵਲੋਂ ਮੰਜ਼ੂਰੀ ਦਿੱਤੀ ਗਈ ਹੈ, ਤਾਂ ਵਿਦਿਆਰਥੀਆਂ ਨੂੰ ਵਿਦਿਅਕ ਉਦੇਸ਼ਾਂ (ਜਿਵੇਂ ਲੈਪਟਾੱਪ, iPods, iPads, ਇਲੈਕਟ੍ਰੌਨਿਕ ਰੀਡਰ, ਲੈਪਟਾੱਪ ਆਦਿ) ਲਈ ਆਪਣੀ ਖ਼ੁਦ ਦੀ ਤਕਨਾਲੋਜੀ ਲਿਆਉਣ ਦੀ ਆਗਿਆ ਹੋਏਗੀ।

**ਸੁਰੱਖਿਆ**

ਡਿਸਟ੍ਰਿਕਟ, ਫ਼ਾਇਰਬਾੱਲ ਅਤੇ ਫ਼ਿਲਟਰਿੰਗ ਦੀ ਵਰਤੋਂ ਰਾਹੀਂ CIPA (ਬੱਚਿਆਂ ਦੀ ਇੰਟਰਨੈਟ ਤੋਂ ਸੁਰੱਖਿਆ ਬਾਰੇ ਕਾਨੂੰਨ) ਦੀ ਪਾਲਣਾ ਨੂੰ ਯਕੀਨੀ ਬਣਾਉਂਦੀ ਹੈ। ਹਾਲਾਂਕਿ, ਜੇ ਵਿਦਿਆਰਥੀ ਅਜਿਹੀ ਜਾਣਕਾਰੀ ਤੱਕ ਪਹੁੰਚ ਕਰਦੇ ਹਨ, ਜੋ ਉਹਨਾਂ ਨੂੰ ਅਸੁਖਾਵਾਂ ਕਰਦੀ ਹੈ, ਤਾਂ ਵਿਦਿਆਰਥੀਆਂ ਨੂੰ ਆਪਣੇ ਅਧਿਆਪਕ ਜਾਂ ਸਟਾਫ਼ ਦੇ ਹੋਰਨਾਂ ਮੈਂਬਰਾਂ ਨੂੰ ਦੱਸਣਾ ਚਾਹੀਦਾ ਹੈ।

ਡਿਸਟ੍ਰਿਕਟ ਦੇ ਨੈਟਵਰਕਾਂ 'ਤੇ ਹੇਠਾਂ ਦਿੱਤੀਆਂ ਕਾਰਵਾਈਆਂ ਦੀ ਆਗਿਆ <u>ਦਿੱਤੀ</u> ਗਈ ਹੈ:

- ਸਿਰਫ਼ ਵਿਦਿਅਕ ਉਦੇਸ਼ਾਂ ਲਈ ਦੂਰ-ਸੰਚਾਰਾਂ ਦੀ ਵਰਤੋਂ ਕਰਨੀ
- ਹੋਰਨਾਂ ਨਾਲ ਸਤਿਕਾਰ ਨਾਲ ਅਤੇ ਹਲੀਮੀ ਵਾਲੇ ਢੰਗ ਨਾਲ ਗੱਲ ਕਰਨੀ
- ਕਾੱਪੀਰਾਈਟ ਕਾਨੂੰਨਾਂ ਅਤੇ ਹੋਰਨਾਂ ਦੀ ਬੌਧਿਕ ਸੰਪਤੀ ਬਾਰੇ ਕਾਨੂੰਨਾਂ ਦੀ ਪਾਲਣਾ ਕਰਨੀ
- ਵਿਅਕਤੀ ਦੇ ਨਾਂ, ਫੋਨ ਨੰਬਰ, ਪਤੇ ਅਤੇ ਪਾਸਵਰਡ ਦੀ ਰਾਜ਼ਦਾਰੀ ਬਣਾਈ ਰੱਖਣੀ ਅਤੇ ਹੋਰਨਾਂ ਦੀ ਉਸੀ ਰਾਜ਼ਦਾਰੀ ਦਾ ਸਤਿਕਾਰ ਕਰਨਾ

ਇਹ ਸੇਧਾਂ ਤੁਹਾਨੂੰ, ਤੁਹਾਡੀਆਂ ਜ਼ਿੰਮੇਵਾਰੀਆਂ ਬਾਰੇ ਜਾਣੂ ਕਰਾਉਣ ਲਈ ਮੁਹੱਈਆ ਕਰਾਈਆਂ ਗਈਆਂ ਹਨ। ਜੇ ਸੇਧਾਂ ਨਹੀਂ ਮੰਨੀਆਂ ਜਾਂਦੀਆਂ, ਤਾਂ ਨੈਟਵਰਕ ਦਾ ਪ੍ਰਸ਼ਾਸਕ ਜਾਂ ਨਿਯੁਕਤ ਕੀਤਾ ਗਿਆ FHSD ਨੁਮਾਇੰਦਾ ਨੈਟਵਰਕ/ਕੰਪਿਊਟਰ ਦਾ ਵਿਸ਼ੇਸ਼-ਅਧਿਕਾਰ ਰੱਦ ਕਰ ਸਕਦਾ ਹੈ।

ਡਿਸਟ੍ਰਿਕਟ ਦੇ ਨੈਟਵਰਕਾਂ 'ਤੇ ਹੇਠਾਂ ਦਿੱਤੀਆਂ ਕਾਰਵਾਈਆਂ ਦੀ ਆਗਿਆ <u>**ਨਹੀਂ**</u> ਦਿੱਤੀ ਗਈ:

ਗੁਪਤ ਜਾਣਕਾਰੀ ਸਾਂਝੀ ਕਰਨੀ
ਇੰਟਰਨੈਟ 'ਤੇ ਨਿਜੀ ਜਾਣਕਾਰੀ ਦੇਣੀ
ਸੁਰੱਖਿਆ ਪ੍ਰਬੰਧ ਨੂੰ ਨਜ਼ਰਅੰਦਾਜ਼ ਕਰਨ ਜਾਂ ਤੋੜਣ ਦੀ ਕੋਸ਼ਿਸ਼ ਕਰਨੀ
ਸਾਫ਼ਟਵੇਅਰ ਨੂੰ ਗ਼ੈਰਕਾਨੂੰਨੀ ਤਰੀਕੇ ਨਾਲ ਕਾੱਪੀ ਕਰਨਾ

ਹੋਰਨਾਂ ਦੇ ਡਾਟਾ/ਫ਼ਾਈਲਾਂ ਨੂੰ ਨਸ਼ਟ ਕਰਨ ਜਾਂ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਨੀ
ਅਸ਼ਲੀਲ ਭਾਸ਼ਾ ਦੀ ਵਰਤੋਂ ਕਰਨੀ

ਕਾੱਪੀਰਾਈਟ ਦੇ ਕਾਨੂੰਨਾਂ ਜਾਂ ਸਾਹਿਤਕ ਚੋਰੀ ਦੀ ਉਲੰਘਣਾ ਕਰਨੀ
ਡਿਸਟ੍ਰਿਕਟ ਦੇ ਨੈਟਵਰਕ ਜਾਂ ਤਕਨਾਲੋਜੀ ਦੀ ਭੰਨਤੋੜ

ਹੋਰਨਾਂ ਨੂੰ ਆਪਣਾ ਪਾਸਵਰਡ ਦੇਣਾ
ਕਿਸੇ ਵੀ ਢੰਗ ਨਾਲ ਹੋਰਨਾਂ ਨੂੰ ਤੰਗ ਕਰਨਾ, ਹੱਤਕ ਕਰਨੀ ਜਾਂ ਨੁਕਸਾਨ ਪਹੁੰਚਾਉਣਾ
ਅਸ਼ਲੀਲ-ਸਾਹਿਤ/ਗ਼ੈਰਕਾਨੂੰਨੀ ਸਮਗ੍ਰੀ ਤੱਕ ਪਹੁੰਚ ਕਰਨੀ
ਹੋਰਨਾਂ ਦੇ ਫ਼ੋਲਡਰਾਂ, ਫ਼ਾਈਲਾਂ ਜਾਂ ਦਸਤਾਵੇਜ਼ਾਂ ਵਿਚ ਘੁਸਪੈਠ ਕਰਨੀ

ਵਪਾਰਕ ਉਦੇਸ਼ਾਂ ਲਈ ਨੈਟਵਰਕ ਦੀ ਵਰਤੋਂ ਕਰਨੀ
ਬਿਨਾ-ਪਾਠਕ੍ਰਮ ਵਾਲੀਆਂ ਇੰਟਰਨੈਟ ਖੇਡਾਂ ਦੀ ਵਰਤੋਂ ਕਰਨੀ

ਬਿਨਾ ਅਖ਼ਤਿਆਰ ਵਾਲੀਆਂ ਵੈਬਸਾਈਟਾਂ ਦੀ ਵਰਤੋਂ ਕਰਨੀ
ਵਾਇਰਸ ਅਪਲੋਡ ਕਰਨੇ, ਡਾਟਾ ਵਿਚ ਤਬਦੀਲੀ ਕਰਨੀ ਜਾਂ ਮਨਾਹੀ ਵਾਲੀ ਜਾਣਕਾਰੀ ਦੀ ਚੋਰੀ ਕਰਨੀ

**ਉਲੰਘਣਾ ਲਈ ਸੰਭਵ ਅਨੁਸ਼ਾਸਨੀ ਕਾਰਵਾਈ**

ਨੈਟਵਰਕ ਅਤੇ ਇੰਟਰਨੈਟ ਦੀ ਵਰਤੋਂ ਸਬੰਧੀ ਡਿਸਟ੍ਰਿਕਟ ਦੀ ਪਾੱਲਿਸੀ 6320 ਦੀ ਉਲੰਘਣਾ ਦੇ ਅਨੁਸ਼ਾਸਨੀ ਨਤੀਜੇ ਸਾਹਮਣੇ ਆਉਣਗੇ, ਇਸ ਵਿਚ ਹੇਠਾਂ ਦਿੱਤਿਆਂ ਵਿਚੋਂ ਇਕ ਜਾਂ ਵੱਧ ਸ਼ਾਮਿਲ ਹਨ, ਪਰ ਇਹਨਾਂ ਤੱਕ ਸੀਮਤ ਨਹੀਂ ਹੈ: 1) ਨੈਟਵਰਕ ਦੇ ਵਿਸ਼ੇਸ਼-ਅਧਿਕਾਰ ਦੀ ਮੁਅੱਤਲੀ ਜਾਂ ਰੱਦ ਕਰਨਾ; 2) ਇੰਟਰਨੈਟ ਪਹੁੰਚ ਦੀ ਮੁਅੱਤਲੀ ਜਾਂ ਰੱਦ ਕਰਨਾ; 3) ਕੰਪਿਊਟਰ ਤੱਕ ਪਹੁੰਚ ਦੀ ਮੁਅੱਤਲੀ ਜਾਂ ਰੱਦ ਕਰਨਾ; 4) ਸਕੂਲ ਤੋਂ ਮੁਅੱਤਲੀ; ਜਾਂ 5) ਸਕੂਲ ਤੋਂ ਕੱਢਣਾ।

**<u>ਕਿਰਪਾ ਕਰਕੇ ਧਿਆਨ ਦਿਓ:</u> ਜੇ ਤੁਸੀਂ ਆਪਣੇ ਵਿਦਿਆਰਥੀ ਲਈ ਸੁਤੰਤਰ ਇੰਟਰਨੈਟ ਵਰਤੋਂ ਨੂੰ ਮਨ੍ਹਾ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਜਿਸ ਸਕੂਲ ਵਿਚ ਉਹ ਜਾਂਦਾ ਹੈ, ਢੁਕਵਾਂ ਫ਼ਾਰਮ ਪ੍ਰਾਪਤ ਕਰਨ ਲਈ ਉਸ ਸਕੂਲ ਨਾਲ ਸੰਪਰਕ ਕਰੋ।**

# ਪਰਿਭਾਸ਼ਕ ਸ਼ਬਦਾਵਲੀ

**ਬਦਮਾਸ਼ੀ ਕਰਨੀ**

ਸਿੱਖਿਆ ਬੋਰਡ ਦੀ ਪਾੱਲਿਸੀ 2655 ਵਿਚ ਬਦਮਾਸ਼ੀ ਕਰਨ ਨੂੰ ਡਰਾ-ਧਮਕਾਕੇ ਕਸ਼ਟ ਪਹੁੰਚਾਉਣ ਲਈ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਵਲੋਂ ਜਾਣ-ਬੁੱਝਕੇ ਕੀਤੀ ਗਈ ਕਾਰਵਾਈ, ਅਣਚਾਹਿਆ ਮਾਰੂ ਵਿਹਾਰ ਜਾਂ ਤੰਗ-ਪਰੇਸ਼ਾਨ ਕਰਨ ਦੇ ਤੌਰ 'ਤੇ ਪਰਿਭਾਸ਼ਤ ਕੀਤਾ ਗਿਆ ਹੈ, ਜੋ ਕਿ ਦੁਹਰਾਇਆ ਜਾਂਦਾ ਹੈ ਜਾਂ ਜਿਸਦੇ ਦੁਹਰਾਉਣ ਦੀ ਚੋਖੀ ਸੰਭਾਵਨਾ ਹੁੰਦੀ ਹੈ ਅਤੇ ਢੁਕਵੇਂ ਵਿਦਿਆਰਥੀ ਲਈ ਉਸਦੀ ਸਰੀਰਕ ਸੁਰੱਖਿਆ ਜਾਂ ਸੰਪਤੀ ਲਈ ਡਰ ਦਾ ਕਾਰਣ ਬਣਦੀ ਹੈ; ਛੋਟ ਤੋਂ ਬਿਨਾ ਕਿਸੇ ਵੀ ਕਿਸੇ ਵੀ ਵਿਦਿਆਰਥੀ/ਵਿਦਿਆਰਥਣ ਦੀ ਵਿਦਿਅਕ ਕਾਰਗੁਜ਼ਾਰੀ, ਮੌਕਿਆਂ ਜਾਂ ਲਾਭਾਂ ਵਿਚ ਚੋਖੀ ਦਖ਼ਲਅੰਦਾਜ਼ੀ ਕਰਦਾ ਹੈ; ਜਾਂ ਸਕੂਲ ਦੇ ਸੰਗਠਿਤ ਕਾਰਜ ਵਿਚ ਚੋਖਾ ਵਿਘਨ ਪਾਉਂਦੀ ਹੈ, ਵਜੋਂ ਪਰਿਭਾਸ਼ਤ ਕੀਤਾ ਗਿਆ ਹੈ। ਬਦਮਾਸ਼ੀ ਕਰਨ ਦੀਆਂ ਕਾਰਵਾਈਆਂ ਵਿਚ ਸਰੀਰਕ ਕਾਰਵਾਈਆਂ ਸ਼ਾਮਿਲ ਹੋ ਸਕਦੀਆਂ ਹਨ, ਇਸ ਵਿਚ ਇਸ਼ਾਰੇ ਜਾਂ ਜ਼ਬਾਨੀ, ਸਾਈਬਰਬੁਲਿੰਗ, ਇਲੈਕਟ੍ਰੌਨਿਕ ਜਾਂ ਲਿਖਤੀ ਸੰਚਾਰ ਅਤੇ ਬਦਮਾਸ਼ੀ ਕਰਨ ਦੀਆਂ ਕਾਰਵਾਈਆਂ ਦੀ ਰਿਪੋਰਟ ਕਰਨ ਲਈ ਬਦਲਾ ਲੈਣ ਵਾਲੀ ਕੋਈ ਵੀ ਧਮਕੀ ਸ਼ਾਮਿਲ ਹੁੰਦੀ ਹੈ।

ਡਿਸਟ੍ਰਿਕਟ ਪੜ੍ਹਾਈ-ਲਿਖਾਈ ਅਤੇ ਕੰਮ ਕਰਨ ਦੇ ਮਾਹੌਲਾਂ ਨੂੰ ਸਕੂਲ ਦੇ ਮੈਦਾਨਾਂ 'ਤੇ, ਸਕੂਲ ਦੇ ਸਮੇਂ ਦੌਰਾਨ, ਸਕੂਲ ਵਲੋਂ ਸਪਾਂਸਰ ਕੀਤੀ ਗਈ ਸਰਗਰਮੀ 'ਤੇ ਜਾਂ ਸਕੂਲ ਸਬੰਧੀ ਸੰਦਰਭ ਵਿਚ ਵਿਦਿਆਰਥੀਆਂ ਵਲੋਂ ਬਦਮਾਸ਼ੀ ਕਰਨ ਜਾਂ ਡਰਾਉਣ-ਧਮਕਾਉਣ ਤੋਂ ਮੁਕਤ ਰੱਖਣ ਲਈ ਪ੍ਰਤੀਬੱਧ ਹੈ। ਵਿਦਿਆਰਥੀਆਂ ਅਤੇ/ਜਾਂ ਉਹਨਾਂ ਦੇ ਮਾਤਾ-ਪਿਤਾ/ਸਰਪ੍ਰਸਤ (ਸਰਪ੍ਰਸਤਾਂ) ਨੂੰ ਆਪਣੀ ਬਿਲਡਿੰਗ ਦੇ ਪ੍ਰਸ਼ਾਸਕ ਨੂੰ ਬਦਮਾਸ਼ੀ ਕਰਨ ਦੀਆਂ ਕਿਸੇ ਵੀ ਘਟਨਾਵਾਂ ਦੀ ਰਿਪੋਰਟ ਕਰਨ ਲਈ ਪ੍ਰੇਰਿਆ ਜਾਂਦਾ ਹੈ।

ਡਿਸਟ੍ਰਿਕਟ, ਵਿਦਿਆਰਥੀਆਂ ਨੂੰ ਬਦਮਾਸ਼ੀ ਕਰਨ ਦੀ ਰਿਪੋਰਟ ਕਰਨ ਲਈ ਪ੍ਰੇਰਦੀ ਹੈ। ਜੇ ਵਿਦਿਆਰਥੀ ਪੀੜਤ ਹਨ ਜਾਂ ਚਸ਼ਮਦੀਦ ਗੁਆਹ ਹਨ, ਤਾਂ ਉਹਨਾਂ ਨੂੰ ਰਿਪੋਰਟ ਕਰਨੀ ਚਾਹੀਦੀ ਹੈ। ਸਕੂਲ ਵਿਦਿਆਰਥੀਆਂ ਨਾਲ ਬਦਮਾਸ਼ੀ ਕਰਨ ਦੀ ਰਿਪੋਰਟ ਕਰਨ ਦੇ ਸੁਰੱਖਿਅਤ ਤਰੀਕਿਆਂ ਬਾਰੇ ਗੱਲਬਾਤ ਕਰਨਗੇ। ਵਿਦਿਆਰਥੀ, ਜਿਹਨਾਂ ਨਾਲ ਬਦਮਾਸ਼ੀ ਹੋਈ ਹੈ ਜਾਂ ਜਿਹਨਾਂ ਨੇ ਬਦਮਾਸ਼ੀ ਹੁੰਦਿਆਂ ਵੇਖੀ ਹੈ, ਨੂੰ ਘਟਨਾ ਬਾਰੇ ਕਿਸੇ ਬਾਲਗ਼ ਨੂੰ ਫ਼ੌਰਨ ਦੱਸਣਾ ਚਾਹੀਦਾ ਹੈ। ਜੇ ਬੱਚਾ ਰਿਪੋਰਟ ਕਰਨ ਵਿਚ ਸੁਖਾਵਾਂ ਮਹਿਸੂਸ ਨਹੀਂ ਕਰਦਾ, ਤਾਂ ਮਾਤਾ-ਪਿਤਾ/ਸਰਪ੍ਰਸਤ (ਸਰਪ੍ਰਸਤਾਂ) ਨੂੰ ਆਪਣੇ ਬੱਚੇ ਵਲੋਂ ਬਦਮਾਸ਼ੀ ਦੀ ਰਿਪੋਰਟ ਕਰਨ ਲਈ ਪ੍ਰਿੰਸੀਪਲ ਨਾਲ ਸੰਪਰਕ ਕਰਨਾ ਚਾਹੀਦਾ ਹੈ। ਬਦਮਾਸ਼ੀ ਕਰਨ ਦੀ ਹਰ ਰਿਪੋਰਟ ਦੀ ਪੜਤਾਲ ਕੀਤੀ ਜਾਏਗੀ। ਡਿਸਟ੍ਰਿਕਟ ਦੀ ਵੈਬਸਾਈਟ 'ਤੇ ਪੇਰੇਂਟ ਟੈਬ (Parents tab) ਹੇਠ FHSD ਦੀ ਵੈਬਸਾਈਟ 'ਤੇ ਮਾਤਾ-ਪਿਤਾ ਅਤੇ ਵਿਦਿਆਰਥੀਆਂ ਲਈ ਬਦਮਾਸ਼ੀ ਕਰਨ ਦੇ ਸ੍ਰੋਤ ਦਿੱਤੇ ਗਏ ਹਨ। http://fhsd.sharpschool.net/parents/bullying/

**ਮੀਟਿੰਗ**

ਸੰਚਾਰ, ਜੋ ਆਹਮੋ-ਸਾਹਮਣੇ, ਵੀਡਿਓ ਜਾਂ ਟੈਲੀਫੋਨ ਰਾਹੀਂ ਹੁੰਦਾ ਹੈ।

**ਸਾਈਬਰਬੁਲਿੰਗ**

ਸੰਚਾਰ ਦੇ ਪ੍ਰਸਾਰਣ ਰਾਹੀਂ ਉੱਪਰ ਪਰਿਭਾਸ਼ਤ ਵਜੋਂ ਬਦਮਾਸ਼ੀ ਕਰਨ ਨੂੰ ਪਾੱਲਿਸੀ 2655 ਵਿਚ ਸਾਈਬਰਬੁਲਿੰਗ ਵਜੋਂ ਪਰਿਭਾਸ਼ਤ ਕੀਤਾ ਗਿਆ ਹੈ, ਇਸ ਵਿਚ ਇਲੈਕਟ੍ਰੌਨਿਕ ਉਪਕਰਣ ਦੇ ਸਾਧਨਾਂ, ਇਸ ਵਿਚ ਟੈਲੀਫੋਨ, ਵਾਇਰਲੈਸ ਟੈਲੀਫੋਨ ਜਾਂ ਹੋਰ ਵਾਇਰਲੈਸ ਸੰਚਾਰ ਉਪਕਰਣ, ਕੰਪਿਊਟਰ ਜਾਂ ਪੇਜਰ ਸ਼ਾਮਿਲ ਹੁੰਦਾ ਹੈ, ਪਰ ਇਹਨਾਂ ਤੱਕ ਸੀਮਤ ਨਹੀਂ ਹੈ, ਰਾਹੀਂ ਮੈਸੇਜ, ਟੈਕਸਟ, ਅਵਾਜ਼ ਜਾਂ ਫੋਟੋ ਭੇਜਣਾ ਸ਼ਾਮਿਲ ਹੁੰਦਾ ਹੈ, ਪਰ ਇਹਨਾਂ ਤੱਕ ਸੀਮਤ ਨਹੀਂ ਹੈ। ਜੇ ਸਕੂਲ ਦੇ ਤਕਨੀਕੀ ਸ੍ਰੋਤਾਂ ਦੀ ਵਰਤੋਂ ਕਰਕੇ ਇਲੈਕਟ੍ਰੌਨਿਕ ਸੰਚਾਰ ਕੀਤਾ ਗਿਆ ਸੀ, ਜੇ ਵਿਦਿਅਕ ਮਾਹੌਲ ਵਿਚ ਚੋਖੀ ਮਿਲੀਭੁਗਤ ਹੈ ਜਾਂ ਜੇ ਵਿਦਿਆਰਥੀ ਦੇ ਆਪਣੇ ਖ਼ੁਦ ਦੇ ਨਿਜੀ ਤਕਨੀਕੀ ਸ੍ਰੋਤਾਂ ਦੀ ਵਰਤੋਂ ਕਰਦਿਆਂ ਡਿਸਟ੍ਰਿਕਟ ਦੇ ਕੈਮਪਸ ਵਿਚ ਜਾਂ ਡਿਸਟ੍ਰਿਕਟ ਦੀ ਸਰਗਰਮੀ ਵਿਖੇ ਇਲੈਕਟ੍ਰੌਨਿਕ ਸੰਚਾਰ ਕੀਤਾ ਗਿਆ ਸੀ, ਜਿਸਦਾ ਮੂਲ ਡਿਸਟ੍ਰਿਕਟ ਦੇ ਕਿਸੇ ਵੀ ਕੈਮਪਸ ਜਾਂ ਡਿਸਟ੍ਰਿਕਟ ਦੀ ਸਰਗਰਮੀ ਵਿਖੇ ਹੈ, ਤਾਂ ਡਿਸਟ੍ਰਿਕਟ ਸਾਈਬਰਬੁਲਿੰਗ ਲਈ ਪਾਬੰਦੀ ਲਾ ਸਕਦੀ ਹੈ ਜਾਂ ਅਨੁਸ਼ਾਸਨ ਲਾਗੂ ਕਰ ਸਕਦੀ ਹੈ। ਇਸ ਤੋਂ ਅਲਾਵਾ, ਕੈਮਪਸ ਤੋਂ ਬਾਹਰ ਦੁਰਵਿਹਾਰ ਦੀ ਕਾਰਵਾਈਆਂ ਵਿਚ ਰੁਝੇ ਹੋਏ ਵਿਦਿਆਰਥੀ, ਜੋ ਡਿਸਟ੍ਰਿਕਟ ਦੇ ਵਿਦਿਆਰਥੀਆਂ ਦੀ ਪੜ੍ਹਾਈ 'ਤੇ ਭੌਤਿਕ ਤੌਰ 'ਤੇ ਅਤੇ ਮਾੜਾ ਅਸਰ ਪਾਉਂਦੇ ਹਨ, ਅਨੁਸ਼ਾਸਨ ਦੀ ਕਾਰਵਾਈ ਹੇਠ ਆਉਣਗੇ।

**ਤੰਗ-ਪਰੇਸ਼ਾਨ ਕਰਨਾ/ਪੱਖਪਾਤ ਕਰਨਾ**

ਪੜ੍ਹਾਈ-ਲਿਖਾਈ ਦਾ ਮਾਹੌਲ ਬਣਾਈ ਰੱਖਣਾ ਡਿਸਟ੍ਰਿਕਟ ਦੀ ਪਾੱਲਿਸੀ ਹੈ, ਜੋ ਕਿ ਇਕ ਵਿਅਕਤੀ ਦੇ ਬੰਸ, ਰੰਗ, ਸੈਕਸ, ਰਾਸ਼ਟਰੀ ਮੂਲ, ਨਸਲੀ ਮੂਲ, ਅਸਮਰੱਥਾ (ਅਪਾਹਜ), ਧਰਮ, ਜਿਨਸੀ ਰੁਝਾਨ ਜਾਂ ਕਥਿਤ ਜਿਨਸੀ ਰੁਝਾਨ ਕਰਕੇ ਤੰਗ-ਪਰੇਸ਼ਾਨ ਕਰਨ ਤੋਂ ਮੁਕਤ ਹੈ। ਡਿਸਟ੍ਰਿਕਟ ਬੰਸ, ਰੰਗ, ਸੈਕਸ, ਰਾਸ਼ਟਰੀ ਮੂਲ, ਨਸਲੀ ਮੂਲ, ਅਸਮਰੱਥਾ (ਅਪਾਹਜ), ਧਰਮ, ਜਿਨਸੀ ਰੁਝਾਨ ਜਾਂ ਕਥਿਤ ਜਿਨਸੀ ਰੁਝਾਨ ਕਰਕੇ ਤੰਗ-ਪਰੇਸ਼ਾਨ ਅਤੇ ਪੱਖਪਾਤ ਕਰਨ ਦੇ ਕਿਸੇ ਅਤੇ ਸਾਰੇ ਰੂਪਾਂ ਦੀ ਮਨਾਹੀ ਕਰਦੀ ਹੈ।

ਸਕੂਲ ਦਾ ਪ੍ਰਬੰਧ ਬੰਸ, ਰੰਗ, ਸੈਕਸ, ਰਾਸ਼ਟਰੀ ਮੂਲ, ਨਸਲੀ ਮੂਲ, ਅਸਮਰੱਥਾ (ਅਪਾਹਜ), ਧਰਮ, ਜਿਨਸੀ ਰੁਝਾਨ ਜਾਂ ਕਥਿਤ ਜਿਨਸੀ ਰੁਝਾਨ ਕਰਕੇ ਤੰਗ-ਪਰੇਸ਼ਾਨ ਜਾਂ ਪੱਖਪਾਤ ਕਰਨ ਦੀਆਂ ਸਾਰੀਆਂ ਸ਼ਿਕਾਇਤਾਂ, ਭਾਵੇਂ ਰਸਮੀ ਜਾਂ ਗ਼ੈਰ-ਰਸਮੀ, ਜ਼ਬਾਨੀ ਜਾਂ ਲਿਖਤੀ ਹੋਣ; ਫਿਰ ਤੋਂ ਤੰਗ-ਪਰੇਸ਼ਾਨ ਜਾਂ ਪੱਖਪਾਤ ਕਰਨ ਤੋਂ ਬਚਾਉਣ ਲਈ ਵਿਅਕਤੀਆਂ ਵਾਸਤੇ ਤੇਜ਼ੀ ਨਾਲ ਢੁਕਵੀਂ ਕਾਰਵਾਈ ਕਰਨ ਲਈ ਤੇਜ਼ੀ ਨਾਲ ਪੜਤਾਲ ਕਰਨ ਦੀ ਕਾਰਵਾਈ ਕਰੇਗਾ; ਅਤੇ ਜੇ ਪਤਾ ਚੱਲਦਾ ਹੈ ਕਿ ਤੰਗ-ਪਰੇਸ਼ਾਨ ਕਰਨਾ ਜਾਂ ਪੱਖਪਾਤ ਹੋਇਆ ਹੈ, ਤਾਂ ਕਿਸੇ ਵੀ ਵਿਦਿਆਰਥੀ, ਅਧਿਆਪਕ, ਪ੍ਰਸ਼ਾਸਕ ਜਾਂ ਸਕੂਲ ਦਾ ਹੋਰ ਅਮਲਾ, ਜਿਸ ਬਾਰੇ ਪਤਾ ਚੱਲਿਆ ਹੈ ਕਿ ਉਸ ਨੂੰ ਤੰਗ-ਪਰੇਸ਼ਾਨ ਕੀਤਾ ਗਿਆ/ਪੱਖਪਾਤ ਕੀਤਾ ਗਿਆ ਹੈ, ਬਾਰੇ ਤੇਜ਼ੀ ਨਾਲ ਅਤੇ ਢੁਕਵੀਂ ਅਨੁਸ਼ਾਸਨੀ ਕਾਰਵਾਈ ਕਰੇਗਾ ਅਤੇ/ਜਾਂ ਤੰਗ-ਪਰੇਸ਼ਾਨ ਕੀਤੇ ਜਾਣ ਨੂੰ ਖ਼ਤਮ ਕਰਨ ਲਈ ਗਿਣੇ-ਮਿੱਥੇ ਗਏ ਢੁਕਵੇਂ ਤਰੀਕੇ ਨਾਲ ਹੋਰ ਢੁਕਵੀਂ ਕਾਰਵਾਈ ਕਰੇਗਾ।

# ਪਰਿਭਾਸ਼ਕ ਸ਼ਬਦਾਵਲੀ

**ਹੇਜ਼ਿੰਗ (ਵਿਦਿਆਰਥੀ ਜਾਂ ਵਿਦਿਆਰਥੀਆਂ ਦਾ ਗਰੁਪ ਬਣਾਕੇ ਦੂਜੇ ਵਿਦਿਆਰਥੀ ਨੂੰ ਘੇਰਕੇ ਜਾਣ-ਬੁੱਝਕੇ ਤੰਗ ਕਰਨਾ)**

ਡਿਸਟ੍ਰਿਕਟ ਦੀ ਪਾੱਲਿਸੀ 2920 ਰਾਹੀਂ ਵਿਦਿਆਰਥੀ ਦੀ ਹੇਜ਼ਿੰਗ ਕਰਨ ਦੀ ਸਪਸ਼ਟ ਤੌਰ 'ਤੇ ਮਨਾਹੀ ਕੀਤੀ ਗਈ ਹੈ। ਹੇਜ਼ਿੰਗ ਨੂੰ ਕਿਸੇ ਹੋਰ ਵਿਦਿਆਰਥੀ ਦੇ ਕਹਿਣ 'ਤੇ ਜਾਣ-ਬੁੱਝਕੇ ਕੀਤੇ ਗਏ ਵਿਹਾਰ ਵਜੋਂ ਪਰਿਭਾਸ਼ਤ ਕੀਤਾ ਗਿਆ ਹੈ, ਜੋ ਕਿ ਸਕੂਲ ਨਾਲ ਸਬੰਧਿਤ ਕਿਸੇ ਵੀ ਕਾਰਵਾਈ ਜਾਂ ਐਥਲੈਟਿਕ ਟੀਮ ਸ਼ੁਰੂ ਕਰਨ ਜਾਂ ਇਸ ਵਿਚ ਸ਼ਾਮਿਲ ਕਰਨ ਦੇ ਉਦੇਸ਼ ਨਾਲ ਸਕੂਲ ਦੀ ਸੰਪਤੀ 'ਤੇ ਜਾਂ ਬਾਹਰ ਵਾਪਰਦਾ ਹੈ। ਇਸ ਪਾੱਲਿਸੀ ਰਾਹੀਂ ਮਨ੍ਹਾ ਕੀਤੇ ਗਏ ਵਿਹਾਰ ਵਿਚ ਗੁਪਤ ਅੰਗਾਂ, ਚਿਤੜਾਂ ਜਾਂ ਛਾਤੀਆਂ (ਵਿਦਿਆਰਥਣਾਂ) ਦਾ ਪ੍ਰਗਟਾਵਾ ਜਾਂ ਛੋਹ, ਹੇਠਾਂ ਪਾਉਣ ਵਾਲੇ ਕਪੜਿਆਂ ਰਾਹੀਂ ਸਿੱਧਾ ਜਾਂ ਅਸਿੱਧਾ; ਸਰੀਰਕ ਨੁਕਸਾਨ ਦੀਆਂ ਧਮਕੀਆਂ; ਅਤੇ ਸਰੀਰਕ ਸੱਟ ਜਾਂ ਮਾਨਸਿਕ ਨੁਕਸਾਨ ਜਾਂ ਜ਼ਲੀਲ ਕਰਨਾ ਸ਼ਾਮਿਲ ਹੁੰਦਾ ਹੈ, ਪਰ ਇਹਨਾਂ ਤੱਕ ਸੀਮਤ ਨਹੀਂ ਹੈ।

ਇਸ ਪਾੱਲਿਸੀ ਦੀ ਉਲੰਘਣਾ ਕਰਦਿਆਂ ਮਿਲਣ ਵਾਲੇ ਵਿਦਿਆਰਥੀ ਸਕੂਲ ਤੋਂ ਮੁਅੱਤਲੀ/ਸਕੂਲ ਤੋਂ ਕੱਢਣ ਅਤੇ ਦੁਰਵਿਹਾਰ ਦੀ ਗੰਭੀਰਤਾ ਨੂੰ ਵੇਖਦਿਆਂ ਹੋਇਆਂ ਸਰਗਰਮੀਆਂ/ਐਥਲੈਟਿਕ ਹਿੱਸੇਦਾਰੀ ਤੋਂ ਮੁਅੱਤਲੀ ਅਤੇ ਬਾਹਰ ਕੱਢਣ ਦੀ ਕਾਰਵਾਈ ਹੇਠ ਹੋਣਗੇ।

**ਪਾਰਕਿੰਗ ਦੇ ਪਰਮਿਟ**

ਹਰ ਹਾਈ ਸਕੂਲ ਦੇ ਕੈਂਮਪਸ ਵਿਚ ਵਿਦਿਆਰਥੀ ਲਈ ਪਾਰਕਿੰਗ ਵਾਸਤੇ ਸੀਮਤ ਥਾਂ ਉਪਲਬਧ ਹੋਣ ਕਰਕੇ ਗੱਡੀ 'ਤੇ ਸਕੂਲ ਆਉਣ ਵਾਲੇ ਵਿਦਿਆਰਥੀਆਂ ਲਈ ਪਾਰਕਿੰਗ ਦੇ ਪਰਮਿਟਾਂ ਦੀ ਲੋੜ ਪੈਂਦੀ ਹੈ। ਵਿਦਿਆਰਥੀਆਂ ਦੀਆਂ ਗੱਡੀਆਂ ਸਬੰਧੀ ਪਰਮਿਟਾਂ ਲਈ ਯੋਗਤਾ ਦੀ ਕਸੌਟੀ ਅਤੇ ਹੋਰ ਨੇਮ ਹਾਈ ਸਕੂਲ ਦੇ ਢੁਕਵੇਂ ਪ੍ਰਸ਼ਾਸਕ ਵਲੋਂ ਬਣਾਏ ਜਾਣਗੇ। ਉਲੰਘਣਾ ਕਰਨ ਦੇ ਨਤੀਜੇ ਵਜੋਂ ਪਾਰਕਿੰਗ ਦੇ ਵਿਸ਼ੇਸ਼-ਅਧਿਕਾਰ ਖੁੰਝ ਸਕਦੇ ਹਨ।

**ਬਹਾਲੀ**

ਚੋਰੀ ਕੀਤੀ ਗਈ/ਖ਼ਰਾਬ ਕੀਤੀ ਗਈ ਵਸਤ (ਵਸਤਾਂ) ਵਾਪਸ ਕਰਨੀਆਂ ਜਾਂ ਮੁਆਵਜ਼ੇ ਜਾਂ ਸੇਵਾ ਦੇ ਤਰੀਕੇ ਦੇ ਤੌਰ 'ਤੇ ਵਾਜਬ ਬਜ਼ਾਰੀ ਕੀਮਤ ਦੇਣੀ।

**ਚੋਰੀ ਕਰਨੀ/ਚੋਰੀ**

ਇਸਦੀ ਵਰਤੋਂ ਕਰਨ ਵਾਲੇ ਮਾਲਕ ਨੂੰ ਵਾਂਝਿਆਂ ਕਰਨ ਦੇ ਇਰਾਦੇ ਨਾਲ ਮਾਲਕ ਦੀ ਆਗਿਆ ਜਾਂ ਜਾਣਕਾਰੀ ਤੋਂ ਬਿਨਾ ਕਿਸੇ ਵਿਅਕਤੀ ਜਾਂ ਸੰਸਥਾ ਦੀ ਸੰਪਤੀ ਲੈਣੀ ਜਾਂ ਲੈਣ ਦੀ (ਚੋਰੀ ਦੇ ਜੁਰਮ ਹੇਠ) ਕੋਸ਼ਿਸ਼ ਕਰਨੀ।

**ਸੈਕਸਟਿੰਗ**

ਇਲੈਕਟ੍ਰੌਨਿਕ ਉਪਕਰਣ ਰਾਹੀਂ ਜਿਨਸੀ ਤੌਰ 'ਤੇ ਸਪਸ਼ਟ ਫੋਟੋਆਂ ਜਾਂ ਮੈਸੇਜ ਭੇਜਣਾ।

**ਦਹਿਸ਼ਤਗਰਦੀ ਦਾ ਖ਼ਤਰਾ**

ਜੇ ਇਕ ਵਿਅਕਤੀ ਕਿਸੇ ਹੋਰ ਨੂੰ ਦਹਿਸ਼ਤ ਵਿਚ ਪਾਉਣ ਜਾਂ ਲੋਕਾਂ ਵਿਚ ਘਬਰਾਹਟ ਫੈਲਾਉਣ ਦੇ ਉਦੇਸ਼ ਨਾਲ ਹਿੰਸਾ ਕਰਨ ਦੀ ਧਮਕੀ ਦਿੰਦਾ ਹੈ।

**ਘੁਸਪੈਠ ਕਰਨੀ**

ਬਿਨਾ ਆਗਿਆ ਸਕੂਲ ਦੀ ਸੰਪਤੀ 'ਤੇ ਹੋਣਾ, ਇਸ ਵਿਚ ਜਦੋਂ ਉਹ ਮੁਅੱਤਲ ਹੁੰਦਾ ਹੈ ਜਾਂ ਬਾਹਰ ਕੱਢਿਆ ਗਿਆ ਹੁੰਦਾ ਹੈ, ਸ਼ਾਮਿਲ ਹੁੰਦਾ ਹੈ; ਇਸ ਵਿਚ ਭੰਨਤੋੜ ਕਰਨੀ ਅਤੇ ਅੰਦਰ ਜਾਣਾ ਸ਼ਾਮਿਲ ਹੈ। ਜਾਂ ਸਕੂਲ ਪ੍ਰਸ਼ਾਸਨ ਦੁਆਰਾ ਵਿਅਕਤੀ ਨੂੰ ਸਕੂਲ ਦੀ ਜਗ੍ਹਾ ਛੱਡਣ ਦੀ ਬੇਨਤੀ ਕਰਨ ਦੇ ਬਾਅਦ ਵੀ ਉਹ ਸਕੂਲ ਦੀ ਸੰਪਤੀ 'ਤੇ ਰਹਿੰਦਾ ਹੈ।

**ਹਥਿਆਰ (ਇਸ ਵਿਚ ਹੂ-ਬ-ਹੂ ਲੱਗਣ ਵਾਲੇ ਹਥਿਆਰ ਅਤੇ ਅਸਲਾ ਸ਼ਾਮਿਲ ਹੁੰਦਾ ਹੈ)**

ਇਕ ਹਥਿਆਰ, ਚਿੱਤਰਕਾਰੀ ਰਾਹੀਂ ਅਤੇ ਬਿਨਾ ਸੀਮਾ ਦੇ ਹੇਠਾਂ ਦਿੱਤਿਆਂ ਵਿਚੋਂ ਇਕ ਹੈ:

ਬੰਦੂਕ: ਫ਼ੈਡਰਲ ਕੋਡ 18 U.S.C. 921 ਵਿਚ ਪਰਿਭਾਸ਼ਤ ਕੀਤੇ ਗਏ ਅਨੁਸਾਰ ਬੰਦੂਕ। ਉਦਾਹਰਣਾਂ ਵਿਚ ਪਿਸਤੌਲ, ਰਾਈਫ਼ਲਾਂ, ਬੰਦੂਕ ਅਤੇ ਬੰਬ। ਮੁਕੰਮਲ ਪਰਿਭਾਸ਼ਾ ਲਈ ਫ਼ੈਡਰਲ ਕੋਡ ਵੇਖੋ।

ਹੋਰ ਬੰਦੂਕਾਂ: ਕਿਸੇ ਵੀ ਕਿਸਮ ਦੀ ਕੋਈ ਬੰਦੂਕ ਭਰੀ ਹੋਈ ਜਾਂ ਖ਼ਾਲੀ, ਚੱਲਣ ਵਾਲੀ ਜਾਂ ਸਿਥਲ, ਇਸ ਵਿਚ ਹਥਿਆਰ ਤੋਂ ਛੁੱਟ ਕੋਈ ਵੀ ਚੀਜ਼, ਜੋ ਬੰਦੂਕ ਵਰਗੀ ਲੱਗਦੀ ਹੈ, ਸ਼ਾਮਿਲ ਹੁੰਦੀ ਹੈ। ਇਸ ਵਿਚ ਪੈਲੇਟ ਗਨ, ਪੇਂਟਬਾੱਲ ਗਨ, ਸਟੱਨ ਗਨ, ਟੇਜ਼ਰ ਗਨ, BB ਗਨ, ਫ਼ਲੇਅਰ ਗਨ, ਨੇਲ ਗਨ ਅਤੇ ਏਅਰ ਸਾੱਫ਼ ਗਨ ਸ਼ਾਮਿਲ ਹੁੰਦੀ ਹੈ, ਪਰ ਇਹਨਾਂ ਤੱਕ ਸੀਮਤ ਨਹੀਂ ਹੈ।

ਹੋਰ ਹਥਿਆਰ: ਹਥਿਆਰ ਜਾਂ ਦੂਜੀ ਪਿਸਤੌਲ ਤੋਂ ਛੁੱਟ ਡਰਾਉਣ-ਧਮਕਾਉਣ ਦੇ ਤਰੀਕੇ ਨਾਲ ਕੋਈ ਵਸਤੂ ਵਰਤਣ ਦੀ ਕੋਸ਼ਿਸ਼ ਕਰਨੀ ਜਾਂ ਵਰਤੀ ਗਈ, ਜਿਸ ਕਰਕੇ ਸਰੀਰਕ ਨੁਕਸਾਨ ਅਤੇ/ਜਾਂ ਸੱਟ ਲੱਗ ਸਕਦੀ ਹੈ ਜਾਂ ਇੰਜ ਕਰਨ ਦਾ ਇਰਾਦਾ ਹੈ। ਇਸ ਵਿਚ ਸਵਿਚਬਲੇਡ ਚਾਕੂ, ਸ਼ਿਕਾਰੀ ਚਾਕੂ, ਸਟਾਰ ਚਾਕੂ, ਰੇਜ਼ਰ (ਸਿੱਧਾ ਜਾਂ ਮੋੜਿਆ ਜਾਣ ਵਾਲਾ ਰੇਜ਼ਰ), ਬ੍ਰਾਸ ਨੱਕਲ, ਬਾੱਕਸ ਕਟਰ, ਨਨਚੱਕ, ਸਪਾਈਕਡ ਦਸਤਾਨੇ, ਸਪਾਈਕਡ ਕੜਾ, ਬਣਾਇਆ ਗਿਆ ਕੋਈ ਵੀ ਗੁਰਜ, ਹੰਝੂ ਗੈਸ ਵਾਲਾ ਉਪਕਰਣ ਜਾਂ ਪੈਪਰ ਸਪ੍ਰੇ ਦਾ ਉਤਪਾਦ ਸ਼ਾਮਿਲ ਹੋਣਗੇ, ਪਰ ਇਹਨਾਂ ਤੱਕ ਸੀਮਤ ਨਹੀਂ ਹੈ।

ਹਥਿਆਰ ਦੀ ਪਰਿਭਾਸ਼ਾ ਸਬੰਧੀ ਮਿਸੂਰੀ ਸਟੇਟ ਦਾ ਕਾਨੂੰਨ ਹੇਠਾਂ ਦਿੱਤੇ ਲਿੰਕ 'ਤੇ ਮਿਲ ਸਕਦਾ ਹੈ:
http://www.moga.mo.gov/statutes/C500- 599/5710000010.HTM